People's Herald

People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 25 ਨਵੰਬਰ 2025 ਮੰਗਲਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਅਮਨ ਅਰੋੜਾ ਨੇ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਦੇਸ਼ ਨੂੰ ਇੱਕਜੁੱਟ ਕਰਨ ਵਾਲੀ ਪ੍ਰੇਰਨਾ ਦੱਸਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ INTERNATIONAL PAPER, 94636 01616 hardipchumber57@gmail.com

ਸ੍ਰੀ ਅਨੰਦਪੁਰ ਸਾਹਿਬ/ਚੰਡੀਗੜ੍ਹ: ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਅੱਜ ਇੱਥੇ ਇੱਕ ਦਿਨਾਂ ਵਿਸ਼ੇਸ਼ ਸੈਸ਼ਨ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਨੌਂਵੇਂ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਸਦੀਆਂ ਪਹਿਲਾਂ ਦਿੱਤੇ ਸੰਦੇਸ਼ ਅਜੋਕੇਂ ਯੁੱਗ ਵਿੱਚ ਵੀ ਸਾਰਥਕ ਹਨ।

ਭਾਈ ਜੈਤਾ ਜੀ ਮੈਮੋਰੀਅਲ ਵਿਖੇ ਵਿਸ਼ੇਸ਼ ਸੈਸ਼ਨ ਦੌਰਾਨ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ, ਜਿਨ੍ਹਾਂ ਨੇ ਧਰਮ ਦੀ ਰਾਖੀ, ਮਨੁੱਖੀ ਅਧਿਕਾਰਾ ਅਤੇ ਸਾਝੀਵਾਲਤਾਂ ਲਈ ਲਾਸਾਨੀ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅਸੀ ਸਾਰੇ ਵਡਭਾਗੀ ਹਾਂ, ਜੋ ਗੁਰੂ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਏ ਹਾਂ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀ ਕੁਰਬਾਨੀ ਸਾਰਿਆਂ ਨੂੰ ਆਪਸੀ ਭਾਈਚਾਰੇ, ਸਰਬ ਧਰਮ ਦਾ ਸਤਿਕਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਦਾ ਸੁਨੇਹਾ ਦਿੰਦੀ ਹੈ, ਜਿਸ ਕਰਕੇ ਗੁਰੂ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਸੱਚੇ ਸਿੱਖ ਸ਼ਰਧਾਲੂਆਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆਂ ਗਿਆ, ਭਾਈ ਸਤੀ ਦਾਸ ਨੂੰ ਜ਼ਿੰਦਾ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਉੱਬਲਦੀ ਦੇਗ਼ ਵਿੱਚ ਉਬਾਲਿਆ ਗਿਆ, ਪਰ ਫਿਰ ਵੀ ਉਨ੍ਹਾਂ ਦਾ ਵਿਸ਼ਵਾਸ ਰਤਾ ਨਹੀਂ ਡੋਲਿਆ, ਜੋ ਇਤਿਹਾਸ ਦੇ ਪੰਨਿਆਂ ਵਿੱਚ ਸਦੀਵੀ ਅਮਿੱਟ ਰਹੇਗਾ।

ਗੁਰੂ ਜੀ ਵੱਲੋਂ ਧਰਮ ਦੀ ਆਜ਼ਾਦੀ ਅਤੇ ਆਪਸੀ ਸਦਭਾਵਨਾ ਦੇ ਸੰਦੇਸ਼ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਕਿਹਾ ਕਿ ਰਾਜ ਭਰ ਵਿੱਚ ਗੁਰੂ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸ਼ਹਾਦਤ ਬਾਰੇ ਵੱਖ-ਵੱਖ ਸਮਾਗਮਾਂ ਰਾਹੀ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ



ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗੁਰੂ ਜੀ ਦੇ ਫਲਸਫੇ ਦੇ ਵੱਧ ਤੋਂ ਵੱਧ ਪ੍ਰਸਾਰ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡੇਰਾ ਬੱਲਾਂ ਖੋਜ ਕੇਂਦਰ ਲਈ 25 ਕਰੋੜ ਰੁਪਏ, ਰਾਮ ਤੀਰਥ, ਅੰਮ੍ਰਿਤਸਰ ਵਿਖੇ ਭਗਵਾਨ ਵਾਲਮੀਕਿ ਪੈਨੋਰਮਾ ਲਈ 35 ਕਰੋੜ ਰੁਪਏ, ਕਾਲੀ ਮਾਤਾ ਮੰਦਿਰ ਕੰਪਲੈਕਸ ਲਈ 75 ਕਰੋੜ ਰੁਪਏ ਅਤੇ ਮੁੱਖ

ਖਬਰ ਦਾ ਬਾਕੀ ਭਾਗ ਅਗਲੇ ਪੇਜ਼ ਤੇ

## ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਬੋਲਣ ਦਾ ਮੌਕਾ ਨਾ ਦਿੱਤੇ ਜਾਣ 'ਤੇ ਪਰਗਟ ਸਿੰਘ ਨੇ ਸਰਕਾਰ ਨੂੰ ਘੇਰਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ: ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੱਗੀ ਵਿਧਾਨ ਸਭਾ ਵਿੱਚ ਨਾ ਬੋਲਣ ਦੇਣ ਉੱਤੇ ਸਰਕਾਰ ਨੂੰ ਘੇਰਿਆ ਹੈ।ਉਨ੍ਹਾਂ ਨੇ ਕਿਹਾ ਹੈ ਕਿ ਸਪੀਕਰ ਵੱਲੋਂ ਤੈਅ ਸਮੇਂ (15 ਨਵੰਬਰ) ਅੰਦਰ ਆਪਣੀ ਸਪੀਚ ਜਮ੍ਹਾ ਕਰਵਾਉਣ ਦੇ ਬਾਵਜ਼ੂਦ ਵੀ ਅੱਜ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਮੈਨੂੰ ਬੋਲਣ ਦਾ ਮੌਕਾ ਨਾ ਦਿੱਤੇ ਜਾਣ ਦੇਣਾ ਇਹ ਸਪੱਸ਼ਟ ਕਰਦਾ ਹੈ ਕਿ ਇਹ ਸਰਕਾਰ ਸੱਚ ਅਤੇ ਇਮਾਨਦਾਰ ਅਲੋਚਨਾ ਸੁਣਨ ਤੋਂ ਡਰਦੀ ਹੈ।

ਵਿਧਾਇਕ ਪਰਗਟ ਸਿੰਘ ਨੇ ਕਿਹਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਆਪਣੀ ਲਿਖਤੀ ਸਪੀਚ ਸਿੱਧਾ ਸੰਗਤ ਦੀ ਕਚਹਿਰੀ ਵਿੱਚ ਰੱਖ ਰਿਹਾ ਹਾਂ—ਤਾਂ ਜੋ ਪੰਜਾਬ ਦੇ ਲੋਕ ਖੁਦ ਵੇਖ ਸਕਣ ਕਿ ਸਰਕਾਰ ਕਿਹੜੀਆਂ ਗੱਲਾਂ ਤੋਂ ਡਰ ਰਹੀ ਹੈ।ਗੁਰੂ ਸਾਹਿਬ ਸਾਨੂੰ ਨਿਡਰਤਾ ਬਖਸ਼ਣ ਤਾਂ ਕਿ ਅਸੀਂ ਆਪਣੇ ਸੂਬੇ, ਆਪਣੇ ਹੱਕਾਂ ਅਤੇ ਧਾਰਮਿਕ ਅਕੀਦੇ ਦੀ ਰੱਖਿਆ ਲਈ ਡਟ ਕੇ ਆਵਾਜ਼ ਬੁਲੰਦ ਕਰ ਸਕੀਏ।

ਕਾਂਗਰਸੀ ਪਰਗਟ ਸਿੰਘ ਨੇ ਕਿਹਾ ਹੈ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸਿਰਫ ਸਿਆਸੀ ਲਾਹੇ ਲਈ ਵਿਧਾਨ ਸਭਾ ਲਗਾਈ ਗਈ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਨੇ ਹਮੇਸ਼ਾ ਸੱਚ ਤੇ ਹੱਕ ਦੀ ਗੱਲ ਕੀਤੀ ਹੈ। ਉਨ੍ਹਾਂ ਨੇਕਿਹਾ ਹੈ ਕਿ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਉੱਤੇ ਹੋ ਰਹੇ ਅੱਤਿਆਚਾਰ ਖਿਲਾਫ਼ ਅਤੇ ਸਮੇਂ ਦੀ ਹਕੂਮਤ ਦਾ ਸਖ਼ਤ ਵਿਰੋਧ ਕੀਤਾ ਹੈ।

ਉਨ੍ਹਾਂ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਵਿੱਚ ਹਕੂਮਤ ਵੱਲੋਂ ਘੱਟ ਗਿਣਤੀਆਂ ਨੂੰ



ਦਬਾਇਆ ਜਾ ਰਿਹਾ ਹੈ। ਉਥੇ ਹੀ ਪੰਜਾਬ ਦੀ ਹਕੂਮਤ ਚੁੱਪ ਹੈ ਇਹ ਕਿਉ ਹੋ ਰਿਹਾ ਹੈ।ਉਨ੍ਹਾਂ ਨੇ ਕਿਹਾ ਹੈ ਕਿ ਬੇਅਦਬੀਆਂ ਉੱਤੇ ਮੌਜੂਦਾ ਸਰਕਾਰ ਦਾ ਸਟੈਂਡ ਕਿੱਥੇ ਗਿਆ। ਉਨ੍ਹਾਂ ਨੇ ਕਿਹਾ ਹੈ ਕਿ ਰਸਮੀ ਤੌਰ ਉੱਤੇ ਸਮਾਗਮ ਨਹੀ ਸਗੋਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਲੈ ਕੇ ਅੱਗੇ ਚੱਲਣਾ ਚਾਹੀਦਾ ਹੈ।

## ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਇਤਿਹਾਸਕ ਵਿਧਾਨ ਸਭਾ ਇਜਲਾਸ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ

### ਭਾਈ ਜੈਤਾ ਜੀ ਦੀ ਵਿਰਾਸਤ ਨੂੰ ਸਨਮਾਨ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੀਤੀ ਸ਼ਲਾਘਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ INTERNATIONAL PAPER, 94636 01616 hardipchumber57@gmail.com

ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਵਿਖੇ ਸੱਦੇ ਗਏ ਪੰਜਾਬ ਵਿਧਾਨ ਸਭਾ ਦੇ ਇਤਿਹਾਸਕ ਵਿਸ਼ੇਸ਼ ਇਜਲਾਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕੀਤੀ।

'ਰੰਗਰੇਟਾ ਗੁਰੂ ਕਾ ਬੇਟਾ' ਭਾਈ ਜੈਤਾ ਜੀ ਨੂੰ ਸਮਰਪਿਤ ਸਥਾਨ ਤੋਂ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਨੌਂਵੇਂ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਮਨੁੱਖਤਾ ਦੇ ਇਤਿਹਾਸ ਵਿੱਚ ਸਰਬਉੱਚ ਦੱਸਿਆ ਅਤੇ ਕਿਹਾ ਕਿ ਗੁਰੂ ਸਾਹਿਬ ਨੇ ਦੂਜੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

ਸਦਨ ਵਿੱਚ ਆਪਣੇ ਸੰਬੋਧਨ ਦੌਰਾਨ ਐਡਵੋਕੇਟ ਚੀਮਾ ਨੇ ਸਿੱਖ ਇਤਿਹਾਸ ਵਿੱਚ ਕੁਰਬਾਨੀ ਦੀ ਵਿਲੱਖਣ ਪਰੰਪਰਾ ਬਾਰੇ ਗੱਲ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਕੇ ਚਾਰ ਪੀੜ੍ਹੀਆਂ ਤੱਕ ਚੱਲੀ ਕੁਰਬਾਨੀ ਨੂੰ ਯਾਦ ਕੀਤਾ ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ,ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੇ ਆਪਣੀ ਸ਼ਹਾਦਤ ਦਿੱਤੀ। ਐਡਵੋਕੇਟ ਚੀਮਾ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤੱਕ ਦੁਨੀਆ ਦਾ ਕੋਈ ਅਜਿਹਾ ਹੋਰ ਇਤਿਹਾਸ ਨਹੀਂ ਪੜ੍ਹਿਆ ਜਿਸ ਵਿੱਚ ਸ਼ਾਂਤੀ, ਇਕਜੁੱਟਤਾ ਨੂੰ ਬਰਕਰਾਰ ਰੱਖਣ ਅਤੇ ਸਾਰੇ ਧਰਮਾਂ ਦੇ ਸਤਿਕਾਰ ਲਈ ਇੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਵਿਸ਼ਵਵਿਆਪੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਗੁਰੂ ਸਾਹਿਬ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹੇ ਸਨ ਅਤੇ ਗੁਰੂ ਸਾਹਿਬ ਦਾ ਇਹ ਸੰਦੇਸ਼ ਅੱਜ ਵੀ ਮਨੁੱਖਤਾ ਦਾ ਚਾਨਣ-ਮੁਨਾਰਾ ਬਣ ਰਿਹਾ ਹੈ।



ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਗੱਲ ਕਰਦਿਆਂ ਵਿੱਤ ਮੰਤਰੀ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਧ ਰਹੀ ਨਫ਼ਰਤ ਅਤੇ ਲੋਕਤੰਤਰੀ ਸਿਧਾਂਤਾਂ ਦੇ ਘਾਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਮਨੀਪੁਰ ਅਤੇ ਉੱਤਰ ਪ੍ਰਦੇਸ਼ ਵਿੱਚ ਹਿੰਸਾ ਬਾਰੇ ਹੋਰ ਬੁਲਾਰਿਆਂ ਵੱਲੋਂ ਦਿੱਤੇ ਗਏ ਹਵਾਲਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਜਾਤੀ ਦੇ ਅਧਾਰ 'ਤੇ ਕੀਤੇ ਜਾਂਦੇ ਅੱਤਿਆਚਾਰਾਂ ਨੂੰ ਉਜਾਗਰ ਕੀਤਾ।

ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਨੂੰ ਵੀ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਸੂਬੇ ਦੀ ਖੇਤੀਬਾੜੀ, ਸਿੱਖਿਆ ਪ੍ਰਣਾਲੀ ਅਤੇ ਦਰਿਆਵਾਂ ਦੇ ਪਾਣੀਆਂ ਨੂੰ ਢਾਹ ਲਾਉਣ ਦੀਆਂ ਸੌੜੀਆਂ ਚਾਲਾਂ ਸ਼ਾਮਲ ਹਨ। ਉਨ੍ਹਾਂ ਨੇ ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਸਬੰਧੀ ਹਾਲ ਹੀ ਵਿੱਚ ਉੱਠੀਆਂ ਚੁਣੌਤੀਆਂ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦਿਆਂ ਪੰਜਾਬ ਦੇ ਤਿੰਨ ਕਰੋੜ ਲੋਕ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਵਚਨਬੱਧ ਹਨ ਅਤੇ ਸੂਬੇ ਦੇ ਹੱਕਾਂ ਲਈ ਦ੍ਰਿੜਤਾ ਨਾਲ ਲੜਨਗੇ।

ਵਿੱਤ ਮੰਤਰੀ ਨੇ ਭਾਈ ਜੈਤਾ ਜੀ ਦੀ ਵਿਰਾਸਤ ਨੂੰ ਪ੍ਰਤੀਕਾਤਮਕ ਪਹਿਲ ਦੇ ਨਾਲ ਨਾਲ ਵਿਧਾਨਕ ਕਾਰਵਾਈ ਰਾਹੀਂ ਸਨਮਾਨ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ 'ਆਪ' ਸਰਕਾਰ ਵੱਲੋਂ ਪੇਸ਼ ਕੀਤੇ ਗਏ ਪੰਜਾਬ ਲਾਅ ਅਫਸਰਜ਼ ਬਿੱਲ ਦੀ ਮਹੱਤਤਾ 'ਤੇ ਚਾਨਣਾ ਪਾਇਆ, ਜੋ ਹਾਈ ਕੋਰਟ ਵਿੱਚ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਅਜਿਹਾ ਕਦਮ ਜੋ ਪਿਛਲੇ 75 ਸਾਲਾਂ ਵਿੱਚ ਨਹੀਂ ਚੁੱਕਿਆ ਗਿਆ ਸੀ। ਸ. ਚੀਮਾ ਨੇ ਇਸ ਗੱਲ 'ਤੇ ਵੀ ਮਾਣ ਪ੍ਰਗਟ ਕੀਤਾ ਕਿ ਇਹ ਸੈਸ਼ਨ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਕਰਵਾਇਆ ਜਾ ਰਿਹਾ ਹੈ ਅਤੇ ਇਹ ਕਦਮ ਗੁਰੂ ਸਾਹਿਬ ਦਾ ਪੂਰੀ ਦ੍ਰਿੜਤਾ ਨਾਲ ਸਾਥ ਦੇਣ ਵਾਲੇ ਬਹਾਦਰ ਯੋਧਿਆਂ ਨੂੰ ਬਣਦਾ ਸਨਮਾਨ ਦਿੰਦਾ ਹੈ।

ਅੰਤ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਪਵਿੱਤਰ ਧਰਤੀ 'ਤੇ ਵਿਧਾਨ ਸਭਾ ਦਾ ਇਜਲਾਸ ਕਰਵਾਉਣ ਦੀ ਇਤਿਹਾਸਕ ਪਹਿਲਕਦਮੀ ਲਈ ਸਪੀਕਰ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਇਸ ਸੈਸ਼ਨ ਅਤੇ ਮੌਜੂਦਾ ਪੰਜਾਬ ਸਰਕਾਰ ਦੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪੈਰੋਕਾਰਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਪ੍ਰਤੀ ਡੂੰਘੇ ਸਤਿਕਾਰ ਨੂੰ ਦੇਖ ਰਹੀ ਹੈ।

## ਬਠਿੰਡਾ ਅਦਾਲਤ ਵਲੋਂ ਕੰਗਨਾ ਰਣੌਤ ਖ਼ਿਲਾਫ਼ ਦੋਸ਼ ਤੈਅ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ INTERNATIONAL PAPER, 94636 01616 hardipchumber57@gmail.com

ਬਠਿੰਡਾ: ਅਦਾਕਾਰ ਅਤੇ ਭਾਜਪਾ ਸੰਸਦ ਮੈਂਬਰ ਕੰਗਣਾ ਰਣੌਤ ਦੇ ਖਿਲਾਫ ਬਠਿੰਡਾ ਅਦਾਲਤ ਨੇ ਦੋਸ਼ ਤੈਅ ਕਰ ਦਿੱਤੇ ਹਨ, ਜਿਸ ਤਹਿਤ ਉਸ ਖ਼ਿਲਾਫ਼ ਦਰਜ ਮਾਣਹਾਨੀ ਦਾ ਕੇਸ ਅੱਗੇ ਚੱਲੇਗਾ। ਜਦਕਿ ਇਸ ਮੁਕੱਦਮੇ ਵਿਚ ਨਿੱਜੀ ਪੇਸ਼ੀ ਤੋਂ ਛੋਟ ਲੈਣ ਲਈ ਦਾਖ਼ਲ ਉਸ ਦੀ ਅਰਜ਼ੀ ਉੱਪਰ ਅਦਾਲਤ ਨੇ ਕੋਈ ਫ਼ੈਸਲਾ ਨਹੀਂ ਦਿੱਤਾ ਤੇ ਅਗਲੀ ਸੁਣਵਾਈ 4 ਦਸੰਬਰ 2025 ਰੱਖੀ ਗਈ ਹੈ।

ਜ਼ਿਕਰਯੋਗ ਹੈ ਕਿ ਕਿਸਾਨੀ ਅੰਦੋਲਨ ਮੌਕੇ ਕਿਸਾਨ ਔਰਤਾਂ ਖ਼ਿਲਾਫ਼ ਇਤਰਾਜ਼ਯੋਗ ਟਿਪਣੀ ਕਰਨ ਨੂੰ ਲੈ ਕੇ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਮਾਤਾ ਮਹਿੰਦਰ ਕੌਰ ਵਲੋਂ ਕੰਗਣਾ ਖ਼ਿਲਾਫ਼ ਬਠਿੰਡਾ ਅਦਾਲਤ ਵਿਚ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਗਿਆ ਹੈ, ਜਿਸ ਵਿਚ ਕੰਗਣਾ ਪਿਛਲੇ ਮਹੀਨੇ 27 ਅਕਤੂਬਰ ਨੂੰ ਨਿੱਜੀ ਪੇਸ਼ੀ ਵੀ ਭੁਗਤ ਚੁੱਕੀ ਹੈ।

# ਬੌਲੀਵੁੱਡ ਅਦਾਕਾਰ ਧਰਮਿੰਦਰ ਨੇ 89 ਸਾਲ ਦੀ ਉਮਰ ਵਿੱਚ ਲਏ ਆਖ਼ਰੀ ਸਾਹ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com

ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਧਰਮਿੰਦਰ ਦਾ ਅੱਜ ਲੰਬੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ। 89 ਸਾਲਾ ਅਦਾਕਾਰ ਨੇ ਸੋਮਵਾਰ ਦੁਪਹਿਰ ਨੂੰ ਆਪਣੇ ਘਰ ਵਿੱਚ ਹੀ ਆਖ਼ਰੀ ਸਾਹ ਲਏ। ਖ਼ਬਰ ਏਜੰਸੀ ਪੀਟੀਆਈ ਨੇ ਪੁਲੀਸ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਹੈ।

ਉਨ੍ਹਾਂ ਦਾ ਅੰਤਿਮ ਸੰਸਕਾਰ ਵਿਲੇ ਪਾਰਲੇ ਸ਼ਮਸ਼ਾਨਘਾਟ ਵਿੱਚ ਕੀਤਾ ਗਿਆ, ਜਿਸ ਵਿੱਚ ਸਲਮਾਨ ਖਾਨ, ਸੰਜੇ ਦੱਤ, ਅਮਿਤਾਭ ਬੱਚਨ ਅਤੇ ਆਮਿਰ ਖਾਨ ਸਮੇਤ ਕਈ ਮਸ਼ਹੂਰ ਹਸਤੀਆਂ ਸ਼ਾਮਲ ਹੋ ਰਹੀਆਂ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਇਕ ਪੋਸਟ ਵਿਚ ਬਜ਼ੁਰਗ ਅਦਾਕਾਰ ਦੇ ਦੇਹਾਂਤ 'ਤੇ ਦੁੱਖ ਜਤਾਇਆ ਹੈ।

ਧਰਮਿੰਦਰ ਦੇ ਦੇਹਾਂਤ ਨਾਲ ਪੂਰੀ ਫ਼ਿਲਮ ਇੰਡਸਟਰੀ ਵਿੱਚ ਸੋਗ ਦੀ ਲਹਿਰ ਹੈ। ਬੌਲੀਵੁੱਡ ਅਦਾਕਾਰ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਸ਼ਮਸ਼ਾਨਘਾਟ ਪਹੁੰਚੇ ਹਨ। ਨਿਰਮਾਤਾ ਤੇ ਨਿਰਦੇਸ਼ਕ ਕਰਨ ਜੌਹਰ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਉਨ੍ਹਾਂ ਲਿਖਿਆ," ਇਹ ਇੱਕ ਯੁੱਗ ਦਾ ਅੰਤ ਹੈ, ਇੱਕ ਉੱਚਾ ਮੈਗਾਸਟਾਰ, ਮੁੱਖ ਧਾਰਾ ਦੇ ਸਿਨੇਮਾ ਵਿੱਚ ਇੱਕ ਸੱਚੇ ਹੀਰੋ ਦਾ ਪ੍ਰਤੀਕ, ਬਹੁਤ ਹੀ ਸੁੰਦਰ ਅਤੇ ਇੱਕ ਰਹੱਸਮਈ ਸਕਰੀਨ ਮੌਜੂਦਗੀ ਦਾ ਮਾਲਕ। ਉਹ ਭਾਰਤੀ ਸਿਨੇਮਾ ਦਾ ਇੱਕ ਸੱਚਾ ਦੰਤਕਥਾ ਹੈ ਅਤੇ ਹਮੇਸ਼ਾ ਰਹੇਗਾ। ਉਸਦਾ ਨਾਮ ਸਿਨੇਮਾ ਦੇ ਇਤਿਹਾਸ ਦੇ ਇਤਿਹਾਸ ਵਿੱਚ ਹਮੇਸ਼ਾ ਲਈ ਚਮਕਦਾ ਰਹੇਗਾ।

ਜ਼ਿਕਰਯੋਗ ਹੈ ਕਿ



ਬਜ਼ੁਰਗ ਅਦਾਕਾਰ ਨੂੰ ਕੁਝ ਦਿਨ ਪਹਿਲਾਂ ਮੁੰਬਈ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਪਤਨੀ ਤੇ ਅਦਾਕਾਰਾ ਹੇਮਾ ਮਾਲਿਨੀ, ਪੁੱਤਰ ਸੰਨੀ ਦਿਓਲ ਤੇ ਬੌਬੀ ਦਿਓਲ ਨੇ ਆਪਣੇ ਬਿਮਾਰ ਪਿਤਾ ਨਾਲ ਮੁਲਾਕਾਤ ਕੀਤੀ ਸੀ। ਹਾਲਾਂਕਿ ਸਿਹਤ ਵਿੱਚ ਕੁਝ ਸੁਧਾਰ ਹੋਣ ਤੋਂ ਬਾਅਦ ਪਰਿਵਾਰ ਅਦਾਕਾਰ ਨੂੰ ਘਰ ਲੈ ਗਿਆ ਸੀ।

ਧਰਮਿੰਦਰ ਸਿੰਘ ਦਿਓਲ ਦਾ ਜਨਮ 8 ਦਸੰਬਰ 1935 ਨੂੰ ਪੰਜਾਬ (ਉਦੋਂ ਬ੍ਰਿਟਿਸ਼ ਭਾਰਤ) ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਇੱਕ ਜੱਟ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਕੇਵਲ ਕ੍ਰਿਸ਼ਨ ਦਿਓਲ ਪਿੰਡ ਦੇ ਸਕੂਲ ਵਿੱਚ ਹੈੱਡਮਾਸਟਰ ਸਨ। ਧਰਮਿੰਦਰ ਦਾ ਬਚਪਨ ਸਾਹਨੇਵਾਲ ਪਿੰਡ ਵਿੱਚ ਬੀਤਿਆ ਅਤੇ ਉਨ੍ਹਾਂ ਨੇ ਆਪਣੀ ਇੰਟਰਮੀਡੀਏਟ ਦੀ ਪੜ੍ਹਾਈ ਫਗਵਾੜਾ ਦੇ ਰਾਮਗੜ੍ਹੀਆ ਕਾਲਜ ਤੋਂ 1952 ਵਿੱਚ ਪੂਰੀ ਕੀਤੀ। ਬਚਪਨ ਤੋਂ ਹੀ Dharmendra Deol ਦਾ ਝੁਕਾਅ ਫ਼ਿਲਮਾਂ ਵੱਲ ਸੀ। ਕਿੱਸਾ ਹੈ ਕਿ ਉਹ ਫ਼ਿਲਮਾਂ ਦੇਖਣ ਲਈ ਕਈ ਮੀਲ ਪੈਦਲ ਜਾਂਦੇ ਸਨ। ਸਿਨੇਮਾ ਲਈ ਉਨ੍ਹਾਂ ਦਾ ਇਹ ਜਨੂੰਨ ਉਨ੍ਹਾਂ ਨੂੰ ਮੁੰਬਈ ਲੈ ਗਿਆ।

ਸਾਲ 1958 ਵਿੱਚ ਉਨ੍ਹਾਂ ਨੇ 'ਫਿਲਮਫੇਅਰ' ਮੈਗਜ਼ੀਨ ਦੇ 'ਟੈਲੰਟ ਹੰਟ' ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਇਸ ਨੂੰ ਜਿੱਤ ਲਿਆ। ਇਸ ਮੁਕਾਬਲੇ ਨੇ ਹੀ ਉਨ੍ਹਾਂ ਲਈ ਬਾਲੀਵੁੱਡ ਦੇ ਦਰਵਾਜ਼ੇ ਖੋਲ੍ਹ ਦਿੱਤੇ। Dharmendra Deol ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ 1960 ਵਿੱਚ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਨਾਲ ਕੀਤੀ ਸੀ। ਆਪਣੇ ਸ਼ੁਰੂਆਤੀ ਸਾਲਾਂ (1960 ਤੋਂ 1968) ਦੌਰਾਨ ਉਨ੍ਹਾਂ ਨੇ ਜ਼ਿਆਦਾਤਰ ਰੋਮਾਂਟਿਕ ਅਤੇ ਨਰਮ ਕਿਰਦਾਰ ਨਿਭਾਏ।

ਹਾਲਾਂਕਿ, ਉਨ੍ਹਾਂ ਦੀ ਪਛਾਣ 1966 ਵਿੱਚ ਆਈ ਫ਼ਿਲਮ 'ਫੂਲ ਔਰ ਪੱਥਰ' ਨਾਲ ਬਣੀ, ਜਿਸ ਨੇ ਉਨ੍ਹਾਂ ਨੂੰ ਇੱਕ ਐਕਸ਼ਨ ਹੀਰੋ ਅਤੇ ਪ੍ਰਮੁੱਖ ਅਦਾਕਾਰ ਵਜੋਂ ਸਥਾਪਿਤ ਕੀਤਾ। ਇਸ ਫ਼ਿਲਮ ਨੇ ਉਨ੍ਹਾਂ ਨੂੰ ਬੈਸਟ ਐਕਟਰ ਲਈ ਪਹਿਲੀ ਫਿਲਮਫੇਅਰ ਨਾਮਜ਼ਦਗੀ ਵੀ ਦਿਵਾਈ।1970 ਅਤੇ 1980 ਦੇ ਦਹਾਕੇ ਵਿੱਚ, ਧਰਮਿੰਦਰ ਨੇ ਬਾਲੀਵੁੱਡ ਉੱਤੇ ਰਾਜ ਕੀਤਾ। ਉਨ੍ਹਾਂ ਦੀ ਗੱਭਰੂ ਦਿੱਖ, ਬਹੁਪੱਖੀ ਅਦਾਕਾਰੀ ਅਤੇ ਸਕਰੀਨ 'ਤੇ ਮਜ਼ਬੂਤ ਹਾਜ਼ਰੀ ਕਾਰਨ ਉਨ੍ਹਾਂ ਨੂੰ 'ਹੀ-ਮੈਨ' ਅਤੇ 'ਗਰਮ ਧਰਮ' ਵਰਗੇ ਨਾਮ ਮਿਲੇ।

ਧਰਮਿੰਦਰ ਨੇ ਆਪਣੇ 6 ਦਹਾਕਿਆਂ ਤੋਂ ਵੱਧ ਦੇ ਫ਼ਿਲਮੀ ਕਰੀਅਰ ਵਿੱਚ 300 ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ ਅਤੇ ਹਿੰਦੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਅਮਿੱਟ ਛਾਪ ਛੱਡੀ।

ਧਰਮਿੰਦਰ ਦਾ ਨਿੱਜੀ ਜੀਵਨ ਵੀ ਕਾਫ਼ੀ ਚਰਚਾ ਵਿੱਚ ਰਿਹਾ

ਪਹਿਲਾ ਵਿਆਹ: ਉਨ੍ਹਾਂ ਦਾ ਪਹਿਲਾ ਵਿਆਹ 1954 ਵਿੱਚ, ਜਦੋਂ ਉਹ ਸਿਰਫ਼ 19 ਸਾਲ ਦੇ ਸਨ, ਪ੍ਰਕਾਸ਼ ਕੌਰ ਨਾਲ ਹੋਇਆ। ਇਸ ਵਿਆਹ ਤੋਂ ਉਨ੍ਹਾਂ ਦੇ ਚਾਰ ਬੱਚੇ ਹਨ: ਦੋ ਪੁੱਤਰ, ਜੋ ਕਿ ਸਫਲ ਅਦਾਕਾਰ ਹਨ, ਸੰਨੀ ਦਿਓਲ ਅਤੇ ਬੌਬੀ ਦਿਓਲ, ਅਤੇ ਦੋ ਧੀਆਂ, ਵਿਜੇਤਾ ਤੇ ਅਜੀਤਾ, ਜੋ ਲਾਈਮਲਾਈਟ ਤੋਂ ਦੂਰ ਰਹਿੰਦੀਆਂ ਹਨ।

ਦੂਜਾ ਵਿਆਹ: ਸਾਲ 1980 ਵਿੱਚ ਉਨ੍ਹਾਂ ਨੇ ਬਾਲੀਵੁੱਡ ਦੀ 'ਡ੍ਰੀਮ ਗਰਲ' ਅਦਾਕਾਰਾ ਹੇਮਾ ਮਾਲਿਨੀ ਨਾਲ ਵਿਆਹ ਕੀਤਾ। ਇਸ ਵਿਆਹ ਤੋਂ ਉਨ੍ਹਾਂ ਦੀਆਂ ਦੋ ਧੀਆਂ ਹਨ: ਅਦਾਕਾਰਾ ਈਸ਼ਾ ਦਿਓਲ ਅਤੇ ਅਹਾਨਾ ਦਿਓਲ।ਧਰਮਿੰਦਰ ਦਾ ਪੂਰਾ ਪਰਿਵਾਰ ਫ਼ਿਲਮ ਜਗਤ ਵਿੱਚ ਸਰਗਰਮ ਰਿਹਾ ਹੈ ਅਤੇ ਦਿਓਲ ਪਰਿਵਾਰ ਨੂੰ ਬਾਲੀਵੁੱਡ ਦੇ ਸਭ ਤੋਂ ਮਸ਼ਹੂਰ ਪਰਿਵਾਰਾਂ ਵਿੱਚ ਗਿਣਿਆ ਜਾਂਦਾ ਹੈ।

ਬਾਲੀਵੁੱਡ ਵਿੱਚ ਧਰਮਿੰਦਰ ਦਾ ਸ਼ਾਨਦਾਰ ਯੋਗਦਾਨ

ਧਰਮਿੰਦਰ ਨੂੰ ਭਾਰਤੀ ਸਿਨੇਮਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ:

ਫਿਲਮਫੇਅਰ ਲਾਈਫਟਾਈਮ ਅਚੀਵਮੈਂਟ ਅਵਾਰਡ (1997),ਪਦਮ ਭੂਸ਼ਣ (2012): ਭਾਰਤ ਸਰਕਾਰ ਦੁਆਰਾ ਦਿੱਤਾ ਜਾਣ ਵਾਲਾ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਹੈ।

ਇੱਕ ਅਦਾਕਾਰ ਹੋਣ ਦੇ ਨਾਲ-ਨਾਲ Dharmendra Deol ਨੇ ਰਾਜਨੀਤੀ ਵਿੱਚ ਵੀ ਹੱਥ ਅਜ਼ਮਾਇਆ। ਉਹ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੈਂਬਰ ਵਜੋਂ ਰਾਜਸਥਾਨ ਦੇ ਬੀਕਾਨੇਰ ਹਲਕੇ ਤੋਂ 14ਵੀਂ ਲੋਕ ਸਭਾ (2004-2009) ਦੇ ਮੈਂਬਰ ਰਹੇ।ਉਨ੍ਹਾਂ ਦਾ ਜੀਵਨ ਸੰਘਰਸ਼, ਪ੍ਰਤਿਭਾ ਅਤੇ ਸਫਲਤਾ ਦੀ ਇੱਕ ਅਜਿਹੀ ਕਹਾਣੀ ਹੈ, ਜਿਸ ਨੇ ਉਨ੍ਹਾਂ ਨੂੰ ਸੱਚਮੁੱਚ ਹਿੰਦੀ ਸਿਨੇਮਾ ਦਾ ਅਮਰ 'ਹੀ-ਮੈਨ' ਬਣਾ ਦਿੱਤਾ ਹੈ।

# ਪੰਜਾਬ ਦੀ ਧੀ ਨੇ ਟੋਕੀਓ ਡੈਫਲਿੰਪਿਕਸ ਵਿੱਚ 50 ਮੀਟਰ ਰਾਈਫਲ ਮੁਕਾਬਲੇ 'ਚ ਜਿੱਤਿਆ ਸੋਨ ਤਗਮਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com

ਫਾਜ਼ਿਲਕਾ ਦੇ ਢਿੱਪਾਂਵਾਲੀ ਪਿੰਡ ਦੀ ਰਹਿਣ ਵਾਲੀ ਮਹਿਤ ਸੰਧੂ ਨੇ ਸ਼ੂਟਿੰਗ ਵਿੱਚ ਵਿਸ਼ਵ ਰਿਕਾਰਡ ਬਣਾਇਆ ਹੈ। ਮਹਿਤ ਸੰਧੂ ਨੇ ਟੋਕੀਓ ਵਿੱਚ ਹੋਏ ਸਮਰ ਡੈਫਲਿੰਪਿਕਸ ਵਿੱਚ 50 ਮੀਟਰ ਰਾਈਫਲ ਮੁਕਾਬਲੇ ਵਿੱਚ ਸੋਨ ਤਗਮਾ ਜਿੱਤਿਆ ਹੈ। ਉਸ ਦੀ ਜਿੱਤ ਨੇ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰ ਅਤੇ ਖੇਤਰ ਨੂੰ ਸਗੋਂ ਪੂਰੇ ਪੰਜਾਬ ਨੂੰ



ਮਾਣ ਦਿਵਾਇਆ ਹੈ। ਪਵਿੱਤ ਸਿੰਘ ਸੰਧੂ ਦੀ ਧੀ ਮਹਿਤ ਸੰਧੂ ਨੇ ਔਰਤਾਂ ਦੇ 50 ਮੀਟਰ ਰਾਈਫਲ ਥ੍ਰੀ-ਪੋਜ਼ੀਸ਼ਨ ਮੁਕਾਬਲੇ ਵਿੱਚ ਸੋਨ ਤਗਮਾ ਜਿੱਤ ਕੇ ਖੇਡਾਂ ਵਿੱਚ ਆਪਣਾ ਚੌਥਾ ਤਗਮਾ ਜਿੱਤਿਆ।

ਮਾਹਿਤ ਨੇ ਫਾਈਨਲ ਵਿੱਚ ਕੁੱਲ 456 ਅੰਕ ਬਣਾਏ, ਦੱਖਣੀ ਕੋਰੀਆ ਦੇ ਡੈਨ ਜਿਉਂਗ ਅਤੇ ਹੰਗਰੀ ਦੀ ਮੀਰਾ ਸੁਜ਼ਨ ਨੂੰ ਹਰਾਇਆ। ਮਾਹਿਤ ਨੇ ਫਾਈਨਲ ਵਿੱਚ ਪਹੁੰਚਣ ਤੋਂ ਪਹਿਲਾਂ ਕੁਆਲੀਫਿਕੇਸ਼ਨ ਰਾਊਂਡ ਵਿੱਚ ਵਿਸ਼ਵ ਰਿਕਾਰਡ ਅਤੇ ਡੈਫਲੰਪਿਕਸ ਰਿਕਾਰਡ ਵੀ ਤੋੜਿਆ।

ਮਾਹਿਤ ਨੇ 585 ਅੰਕ ਬਣਾਏ, ਆਪਣਾ 576 ਦਾ ਰਿਕਾਰਡ ਤੋੜਿਆ, ਜੋ ਉਸਨੇ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਦੌਰਾਨ ਬਣਾਇਆ ਸੀ। ਮਾਹਿਤ ਦੇ ਰਿਕਾਰਡ ਤੋਂ ਬਾਅਦ ਮਾਹਿਤ ਦਾ ਪਰਿਵਾਰ ਬਹੁਤ ਖੁਸ਼ ਹੈ। ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੀ ਧੀ ਨੇ ਸ਼ੂਟਿੰਗ ਵਿੱਚ ਵਿਸ਼ਵ ਰਿਕਾਰਡ ਹਾਸਲ ਕੀਤਾ ਹੈ। ਪਰਿਵਾਰ ਦੇ ਅਨੁਸਾਰ, ਉਨ੍ਹਾਂ ਦੀ ਧੀ ਨੇ ਨਾ ਸਿਰਫ਼ ਪਰਿਵਾਰ ਅਤੇ ਖੇਤਰ ਦਾ, ਸਗੋਂ ਪੰਜਾਬ ਦਾ ਵੀ ਮਾਣ ਵਧਾਇਆ ਹੈ।

# ਪੰਜਾਬ ਪੁਲਿਸ ਨਾਲ ਮੁਕਾਬਲੇ 'ਚ ਇੱਕ ਬਦਮਾਸ਼ ਦੀ ਮੌਤ ਦੂਜਾ ਜ਼ਖ਼ਮੀ, ਮੁਲਾਜ਼ਮ ਨੂੰ ਵੀ ਗੋਲੀ ਲੱਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com

ਅੰਮ੍ਰਿਤਸਰ 'ਚ ਪੁਲਿਸ ਅਤੇ ਗੈਂਗਸਟਰਾਂ ਵਿਚਕਾਰ ਮੁਕਾਬਲਾ ਹੋਇਆ। ਜਿਸ ਵਿੱਚ ਇੱਕ ਬਦਮਾਸ਼ ਦੀ ਮੌਤ ਹੋ ਗਈ, ਦੂਜਾ ਗੰਭੀਰ ਜ਼ਖਮੀ ਹੋ ਗਿਆ ਅਤੇ ਹਸਪਤਾਲ ਵਿੱਚ ਦਾਖਲ ਹੈ। ਇਸ ਘਟਨਾ ਵਿੱਚ ਇੱਕ ਪੁਲਿਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ। ਜ਼ਖਮੀ ਪੁਲਿਸ ਮੁਲਾਜ਼ਮ ਦਾ



ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਡੀਆਈਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਕਿਹਾ ਕਿ ਅੱਜ ਸੋਮਵਾਰ ਸਵੇਰੇ ਦੋਵੇਂ ਬਦਮਾਸ਼ ਰਈਆ ਨਹਿਰ ਨੇੜੇ ਬਾਈਕ 'ਤੇ ਜਾ ਰਹੇ ਸਨ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਪਹੁੰਚੀ ਅਤੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਪੁਲਿਸ 'ਤੇ ਗੋਲੀ ਚਲਾ ਦਿੱਤੀ। ਇਸ ਵਿੱਚ ਇੱਕ ਪੁਲਿਸ ਮੁਲਾਜ਼ਮ ਨੂੰ ਗੋਲੀ ਲੱਗ ਗਈ। ਜਵਾਬੀ ਕਾਰਵਾਈ ਵਿੱਚ ਦੋਵੇਂ ਬਦਮਾਸ਼ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਹਸਪਤਾਲ ਵਿੱਚ ਮੌਤ ਹੋ ਗਈ।

ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਦਮਾਸ਼ਾਂ ਨੇ ਹਾਲ ਹੀ ਵਿੱਚ 50 ਲੱਖ ਰੁਪਏ ਦੀ ਫਿਰੌਤੀ ਨਾ ਦੇਣ 'ਤੇ ਇੱਕ ਦੁਕਾਨਦਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਉਦੋਂ ਤੋਂ ਪੁਲਿਸ ਉਨ੍ਹਾਂ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਸੀ।

# ਜਸਟਿਸ ਸੂਰਿਆ ਕਾਂਤ ਨੇ 53ਵੇਂ ਸੀਜੇਆਈ ਵਜੋਂ ਹਲਫ਼ ਲਿਆ

## ਰਾਸ਼ਟਰਪਤੀ ਭਵਨ 'ਚ ਸੰਖੇਪ ਸਮਾਗਮ ਦੌਰਾਨ ਰਾਸ਼ਟਰਪਤੀ ਮੁਰਮੂ ਨੇ ਹਲਫ਼ ਦਿਵਾਇਆ; ਉਪ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਸਣੇ ਹੋਰ ਸੀਨੀਅਰ ਆਗੂ ਰਹੇ ਮੌਜੂਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com

ਜਸਟਿਸ ਸੂਰਿਆ ਕਾਂਤ ਨੇ ਸੋਮਵਾਰ ਨੂੰ ਭਾਰਤ ਦੇ 53ਵੇਂ ਚੀਫ ਜਸਟਿਸ ਵਜੋਂ ਹਲਫ਼ ਲਿਆ। ਜਸਟਿਸ ਸੂਰਿਆ ਕਾਂਤ ਜੰਮੂ ਕਸ਼ਮੀਰ ਨੂੰ ਧਾਰਾ 370 ਤਹਿਤ ਮਿਲਿਆ ਵਿਸ਼ੇਸ਼ ਰੁਤਬਾ ਮਨਸੂਖ ਕਰਨ ਸਣੇ ਕਈ ਮੀਲਪੱਥਰ ਫੈਸਲਿਆਂ ਦਾ ਹਿੱਸਾ ਰਹੇ ਹਨ। ਉਨ੍ਹਾਂ ਜਸਟਿਸ ਬੀਆਰ ਗਵਈ ਦੀ



ਥਾਂ ਲਈ ਹੈ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਚ ਰੱਖੇ ਸੰਖੇਪ ਸਮਾਗਮ ਦੌਰਾਨ ਜਸਟਿਸ ਕਾਂਤ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਜਸਟਿਸ ਕਾਂਤ ਨੇ ਭਗਵਾਨ ਦੇ ਨਾਮ 'ਤੇ ਹਿੰਦੀ ਵਿਚ ਸਹੁੰ ਚੁੱਕੀ। ਜਸਟਿਸ ਕਾਂਤ ਨੂੰ 30 ਅਕਤੂਬਰ ਨੂੰ ਦੇਸ਼ ਦਾ ਅਗਲਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਸੀ ਤੇ ਉਹ ਇਸ ਅਹੁਦੇ 'ਤੇ ਕਰੀਬ 15 ਮਹੀਨਿਆਂ ਲਈ ਰਹਿਣਗੇ। ਉਹ 9 ਫਰਵਰੀ 2027 ਨੂੰ 65 ਸਾਲ ਦੀ ਉਮਰ ਦੇ ਹੋਣ ਮੌਕੇ ਅਹੁਦਾ ਛੱਡਣਗੇ। ਹਲਫ਼ਦਾਰੀ ਸਮਾਗਮ ਵਿਚ ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਹੋਰ ਸੀਨੀਅਰ ਆਗੂ ਮੌਜੂਦ ਸਨ।

## 1 ਨੰਬਰ ਪੇਜ਼ ਦੀ ਖਬਰ ਦਾ ਬਾਕੀ ਭਾਗ

ਮੰਤਰੀ ਤੀਰਥ ਯਾਤਰਾ ਯੋਜਨਾ ਲਈ 25 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ, ਜਿਸ ਤੋਂ ਸੂਬਾ ਸਰਕਾਰ ਦੀ ਵਚਨਬੱਧਤਾ ਸਪੱਸ਼ਟ ਹੁੰਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹਨਾਂ ਪਹਿਲਕਦਮੀਆਂ ਦਾ ਸਬੰਧ ਸਿਰਫ਼ ਫੰਡ ਜਾਰੀ ਕਰਨਾ ਨਹੀਂ, ਸਗੋਂ ਗੁਰੂ ਸਾਹਿਬ ਦੇ ਸੰਦੇਸ਼, ਜੋ ਹਰੇਕ ਵਿਅਕਤੀ ਲਈ ਧਰਮ ਦੀ ਆਜ਼ਾਦੀ ਦੀ ਵਕਾਲਤ ਕਰਦਾ ਹੈ, ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੌਰਾਨ ਗੁਰੂ ਜੀ ਦੇ ਧਰਮ ਦੀ ਆਜ਼ਾਦੀ ਦੇ ਸੰਦੇਸ਼ ਦਾ ਵੱਧ ਤੋਂ ਵੱਧ ਫੈਲਾਅ ਸੂਬਾ ਸਰਕਾਰ ਦੀ ਮੁੱਖ ਤਰਜੀਹ ਹੈ।

ਕੈਬਨਿਟ ਮੰਤਰੀ ਨੇ ਵਿਸ਼ੇਸ਼ ਸੈਸ਼ਨ ਦੀ ਸਾਰਥਕਤਾ ਨੂੰ ਏਕਤਾ ਦੇ ਚਾਨਣ ਮੁਨਾਰੇ ਵਜੋਂ ਉਜਾਗਰ ਕਰਦਿਆਂ ਕਿਹਾ ਕਿ ਜਦੋਂ ਜਾਤੀ, ਧਰਮ ਅਤੇ ਫਿਰਕਾਪ੍ਰਸਤੀ ਦੇ ਨਾਂ 'ਤੇ ਸਮਾਜ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜੋ ਕਿ ਮਨੀਪੁਰ ਅਤੇ ਹਰਿਆਣਾ ਦੇ ਦੁਖਾਂਤਾਂ ਤੋਂ ਸਪੱਸ਼ਟ ਝਲਕਦਾ ਹੈ, ਤਾਂ ਉਸ ਵੇਲੇ ਅਜਿਹੇ ਸੈਸ਼ਨ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਇਤਿਹਾਸਕ ਮੌਕੇ ਪੰਜਾਬ ਦੇ ਤਿੰਨ ਕਰੋੜ ਨਿਵਾਸੀਆਂ ਨੂੰ ਦੇਸ਼ ਦੀ 150 ਕਰੋੜ ਜਨਤਾ ਤੱਕ ਸਦਭਾਵਨਾ, ਧਰਮ ਨਿਰਪੱਖਤਾ ਅਤੇ ਸ਼ਾਂਤੀ ਦਾ ਸੰਦੇਸ਼ ਪੁੱਜਦਾ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪਾਵਨ ਧਰਤੀ ਤੋਂ, ਅਸੀਂ 'ਹਿੰਦੂ ਰਾਸ਼ਟਰ' ਅਤੇ 'ਖਾਲਿਸਤਾਨ' ਨੂੰ ਖਾਰਿਜ ਕਰਦਿਆਂ 'ਜੁਗ ਜੁਗ ਜੀਵੇ ਮੇਰਾ ਹਿੰਦੁਸਤਾਨ' ਦੇ ਨਾਅਰੇ ਦੀ ਵਕਾਲਤ ਕਰਦੇ ਹਾਂ ਜੋ ਗੁਰੂ ਸਾਹਿਬ ਵੱਲੋਂ ਦਿਖਾਏ ਮਾਰਗ ਅਨੁਸਾਰ ਦੇਸ਼ ਦੀ ਏਕਤਾ ਪ੍ਰਤੀ ਸਾਡੀ ਵਚਨਬੱਧਤਾ ਦਾ ਪ੍ਰਤੀਕ ਹੈ ਅਤੇ ਇਹ ਸੈਸ਼ਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਨਿਮਾਣੀ ਸ਼ਰਧਾਂਜਲੀ ਹੈ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ 25 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਭਾਸ਼ਣ (2/3)

ਕੱਲ੍ਹ ਦੇ ਲੇਖ ਦਾ ਬਾਕੀ ਭਾਗ

ਇਹ ਉਹ ਮੁੱਖ ਆਧਾਰ ਹਨ ਜਿਨ੍ਹਾਂ 'ਤੇ ਸੰਵਿਧਾਨ ਦੀ ਆਲੋਚਨਾ ਕੀਤੀ ਜਾ ਰਹੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸੰਸਦੀ ਲੋਕਤੰਤਰ ਦਾ ਸਿਧਾਂਤ ਰਾਜਨੀਤਿਕ ਲੋਕਤੰਤਰ ਦਾ ਇੱਕੋ ਇੱਕ ਆਦਰਸ਼ ਰੂਪ ਹੈ। ਮੈਂ ਇਹ ਨਹੀਂ



ਕਹਿੰਦਾ ਕਿ ਮੁਆਵਜ਼ੇ ਤੋਂ ਬਿਨਾਂ ਨਿੱਜੀ ਜਾਇਦਾਦ ਦੀ ਪ੍ਰਾਪਤੀ ਨਾ ਕਰਨ ਦਾ ਸਿਧਾਂਤ ਇੰਨਾ ਪਵਿੱਤਰ ਹੈ ਕਿ ਇਸ ਤੋਂ ਕੋਈ ਭਟਕਣਾ ਨਹੀਂ ਕੀਤੀ ਜਾ ਸਕਦੀ। ਮੈਂ ਇਹ ਨਹੀਂ ਕਹਿੰਦਾ ਕਿ ਮੌਲਿਕ ਅਧਿਕਾਰ ਕਦੇ ਵੀ ਸੰਪੂਰਨ ਨਹੀਂ ਹੋ ਸਕਦੇ ਅਤੇ ਉਨ੍ਹਾਂ 'ਤੇ ਲਗਾਈਆਂ ਗਈਆਂ ਸੀਮਾਵਾਂ ਨੂੰ ਕਦੇ ਵੀ ਹਟਾਇਆ ਨਹੀਂ ਜਾ ਸਕਦਾ। ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਸੰਵਿਧਾਨ ਵਿੱਚ ਦਰਜ ਸਿਧਾਂਤ ਮੌਜੂਦਾ ਪੀੜ੍ਹੀ ਦੇ ਵਿਚਾਰ ਹਨ, ਜਾਂ ਜੇ ਤੁਹਾਨੂੰ ਇਹ ਅਤਿਕਥਨੀ ਲੱਗਦੀ ਹੈ, ਤਾਂ ਮੈਂ ਕਹਿੰਦਾ ਹਾਂ ਕਿ ਉਹ ਸੰਵਿਧਾਨ ਸਭਾ ਦੇ ਮੈਂਬਰਾਂ ਦੇ ਵਿਚਾਰ ਹਨ। ਡਰਾਫਟ ਕਮੇਟੀ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਨ ਲਈ ਕਿਉਂ ਦੋਸ਼ੀ ਠਹਿਰਾਇਆ ਜਾਵੇ? ਮੈਂ ਕਹਿੰਦਾ ਹਾਂ, ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਕਿਉਂ ਦੋਸ਼ੀ ਠਹਿਰਾਇਆ ਜਾਵੇ? ਮਹਾਨ ਅਮਰੀਕੀ ਰਾਜਨੇਤਾ ਜੇਫਰਸਨ, ਜਿਸਨੇ ਅਮਰੀਕੀ ਸੰਵਿਧਾਨ ਦੀ ਸਿਰਜਣਾ ਵਿੱਚ ਇੰਨੀ ਵੱਡੀ ਭੂਮਿਕਾ ਨਿਭਾਈ, ਨੇ ਕੁਝ ਬਹੁਤ ਮਹੱਤਵਪੂਰਨ ਵਿਚਾਰ ਪ੍ਰਗਟ ਕੀਤੇ ਜਿਨ੍ਹਾਂ ਨੂੰ ਸੰਵਿਧਾਨ ਦੇ ਨਿਰਮਾਤਾ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸਨ। ਇੱਕ ਥਾਂ ਉਹ ਕਹਿੰਦਾ ਹੈ:

"ਅਸੀਂ ਹਰੇਕ ਪੀੜ੍ਹੀ ਨੂੰ ਇੱਕ ਵੱਖਰੀ ਕੌਮ ਸਮਝ ਸਕਦੇ ਹਾਂ, ਜਿਸਨੂੰ ਬਹੁਗਿਣਤੀ ਦੀ ਇੱਛਾ ਨਾਲ ਆਪਣੇ ਆਪ ਨੂੰ ਬੰਨ੍ਹਣ ਦਾ ਅਧਿਕਾਰ ਹੈ, ਪਰ ਕਿਸੇ ਨੂੰ ਵੀ ਅਗਲੀ ਪੀੜ੍ਹੀ ਨੂੰ ਕਿਸੇ ਹੋਰ ਦੇਸ਼ ਦੇ ਵਸਨੀਕਾਂ ਤੋਂ ਵੱਧ ਬੰਨ੍ਹਣ ਦਾ ਅਧਿਕਾਰ ਨਹੀਂ ਹੈ।"

ਇੱਕ ਹੋਰ ਥਾਂ ਉਹ ਕਹਿੰਦਾ ਹੈ:

"ਇਹ ਵਿਚਾਰ ਕਿ ਕੌਮ ਦੀ ਵਰਤੋਂ ਲਈ ਸਥਾਪਿਤ ਸੰਸਥਾਵਾਂ ਨੂੰ ਛੂਹਿਆ ਜਾਂ ਸੋਧਿਆ ਨਹੀਂ ਜਾ ਸਕਦਾ, ਇੱਥੋਂ ਤੱਕ ਕਿ ਉਹਨਾਂ ਨੂੰ ਆਪਣੇ ਉਦੇਸ਼ਾਂ ਲਈ ਯੋਗ ਬਣਾਉਣ ਲਈ ਵੀ ਨਹੀਂ, ਕਿਉਂਕਿ ਜਨਤਾ ਲਈ ਉਹਨਾਂ ਦਾ ਪ੍ਰਬੰਧਨ ਕਰਨ ਲਈ ਨਿਯੁਕਤ ਕੀਤੇ ਗਏ ਲੋਕਾਂ ਕੋਲ ਬੇਲੋੜਾ ਅਧਿਕਾਰ ਹੈ, ਸ਼ਾਇਦ ਇੱਕ ਰਾਜੇ ਦੇ ਦੁਰਵਿਵਹਾਰ ਦੇ ਵਿਰੁੱਧ ਇੱਕ ਲਾਭਦਾਇਕ ਪ੍ਰਬੰਧ ਹੋ ਸਕਦਾ ਹੈ, ਪਰ ਇਹ ਕੌਮ ਦੇ ਵਿਰੁੱਧ ਬਿਲਕੁਲ ਬੇਤੁਕਾ ਹੈ। ਫਿਰ ਵੀ ਸਾਡੇ ਵਕੀਲ ਅਤੇ ਪੁਜਾਰੀ ਆਮ ਤੌਰ 'ਤੇ ਇਸ ਸਿਧਾਂਤ ਨੂੰ ਸਿਖਾਉਂਦੇ ਹਨ, ਅਤੇ ਮੰਨਦੇ ਹਨ ਕਿ ਪਿਛਲੀਆਂ ਪੀੜ੍ਹੀਆਂ ਨੂੰ ਧਰਤੀ 'ਤੇ ਸਾਡੇ ਨਾਲੋਂ ਵੱਧ ਆਜ਼ਾਦੀ ਸੀ; ਕਿ ਉਨ੍ਹਾਂ ਨੂੰ ਸਾਡੇ 'ਤੇ ਅਟੱਲ ਕਾਨੂੰਨ ਲਗਾਉਣ ਦਾ ਅਧਿਕਾਰ ਸੀ, ਅਤੇ ਅਸੀਂ ਵੀ ਕਾਨੂੰਨ ਬਣਾ ਸਕਦੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ 'ਤੇ ਬੋਝ ਪਾ ਸਕਦੇ ਹਾਂ, ਜਿਨ੍ਹਾਂ ਨੂੰ ਬਦਲਣ ਦਾ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹੋਵੇਗਾ; ਆਖ਼ਰਕਾਰ, ਧਰਤੀ ਮੁਰਦਿਆਂ ਦੀ ਹੈ, ਜਿਉਂਦਿਆਂ ਦੀ ਨਹੀਂ।"

ਮੈਂ ਮੰਨਦਾ ਹਾਂ ਕਿ ਜੇਫਰਸਨ ਨੇ ਜੋ ਕਿਹਾ ਉਹ ਨਾ ਸਿਰਫ਼ ਸੱਚ ਹੈ, ਸਗੋਂ ਬਿਲਕੁਲ ਸੱਚ ਹੈ। ਇਸ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ। ਜੇਕਰ ਸੰਵਿਧਾਨ ਸਭਾ ਜੈਫਰਸਨ ਦੁਆਰਾ ਦੱਸੇ ਗਏ ਇਸ ਸਿਧਾਂਤ ਤੋਂ ਭਟਕ ਜਾਂਦੀ, ਤਾਂ ਇਸਨੂੰ ਜ਼ਰੂਰ ਦੋਸ਼ੀ ਠਹਿਰਾਇਆ ਜਾਂਦਾ, ਇੱਥੋਂ ਤੱਕ ਕਿ ਨਿੰਦਾ ਵੀ ਕੀਤੀ ਜਾਂਦੀ। ਪਰ ਮੈਂ ਪੁੱਛਦਾ ਹਾਂ, ਕੀ ਅਜਿਹਾ ਹੋਇਆ? ਬਿਲਕੁਲ ਉਲਟ। ਸੰਵਿਧਾਨਕ ਸੋਧ ਨਾਲ ਸਬੰਧਤ ਉਪਬੰਧ ਦੀ ਜਾਂਚ ਕਰਨ ਦੀ ਲੋੜ ਹੈ। ਅਸੈਂਬਲੀ ਨੇ ਨਾ ਸਿਰਫ਼ ਇਸ ਸੰਵਿਧਾਨ 'ਤੇ ਅੰਤਿਮਤਾ ਅਤੇ ਅਪੂਰਣਤਾ 'ਤੇ ਮੋਹਰ ਲਗਾਉਣ ਤੋਂ ਪਰਹੇਜ਼ ਕੀਤਾ, ਜਿਵੇਂ ਕਿ ਕੈਨੇਡਾ ਵਿੱਚ, ਜਾਂ ਸੰਵਿਧਾਨਕ ਸੋਧ ਨੂੰ ਅਸਾਧਾਰਨ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਕਰਨ ਤੋਂ, ਜਿਵੇਂ ਕਿ ਸੰਯੁਕਤ ਰਾਜ ਜਾਂ ਆਸਟ੍ਰੇਲੀਆ ਵਿੱਚ, ਸਗੋਂ ਸੰਵਿਧਾਨਕ ਸੋਧ ਲਈ ਇੱਕ ਬਹੁਤ ਹੀ ਸਰਲ ਪ੍ਰਕਿਰਿਆ ਵੀ ਪ੍ਰਦਾਨ ਕੀਤੀ। ਮੈਂ ਸੰਵਿਧਾਨ ਦੇ ਕਿਸੇ ਵੀ ਆਲੋਚਕ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਇਹ ਸਾਬਤ ਕਰੇ ਕਿ ਦੁਨੀਆ ਵਿੱਚ ਕਿਤੇ ਵੀ ਕੋਈ ਵੀ ਸੰਵਿਧਾਨ ਸਭਾ, ਉਨ੍ਹਾਂ ਹਾਲਾਤਾਂ ਵਿੱਚ ਜਿਨ੍ਹਾਂ ਵਿੱਚ ਇਹ ਦੇਸ਼ ਆਪਣੇ ਆਪ ਨੂੰ ਪਾਉਂਦਾ ਹੈ, ਨੇ ਸੰਵਿਧਾਨਕ ਸੋਧ ਲਈ ਇੰਨੀ ਸਰਲ ਪ੍ਰਕਿਰਿਆ ਪ੍ਰਦਾਨ ਕੀਤੀ ਹੈ। ਜੇਕਰ ਸੰਵਿਧਾਨ ਤੋਂ ਅਸੰਤੁਸ਼ਟ ਲੋਕਾਂ ਨੂੰ ਸਿਰਫ਼ ਦੋ-ਤਿਹਾਈ ਬਹੁਮਤ ਪ੍ਰਾਪਤ ਕਰਨ ਦੀ ਲੋੜ ਹੈ, ਅਤੇ ਜੇਕਰ ਉਹ ਬਾਲਗ ਵੋਟ ਅਧਿਕਾਰ ਦੁਆਰਾ ਚੁਣੇ ਗਏ ਸੰਸਦ ਦੇ ਹੱਕ ਵਿੱਚ ਦੋ-ਤਿਹਾਈ ਬਹੁਮਤ ਵੀ ਪ੍ਰਾਪਤ ਨਹੀਂ ਕਰ ਸਕਦੇ, ਤਾਂ ਸੰਵਿਧਾਨ ਨਾਲ ਉਨ੍ਹਾਂ ਦੀ ਅਸੰਤੁਸ਼ਟੀ ਨੂੰ ਆਮ ਲੋਕਾਂ ਦੁਆਰਾ ਸਾਂਝਾ ਨਹੀਂ ਮੰਨਿਆ ਜਾ ਸਕਦਾ। ਸੰਵਿਧਾਨਕ ਮਹੱਤਵ ਦਾ ਸਿਰਫ਼ ਇੱਕ ਹੀ ਨੁਕਤਾ ਹੈ ਜਿਸਦਾ ਮੈਂ ਜ਼ਿਕਰ ਕਰਨਾ ਚਾਹਾਂਗਾ। ਇੱਕ ਗੰਭੀਰ ਸ਼ਿਕਾਇਤ ਕੀਤੀ ਗਈ ਹੈ ਕਿ ਕੇਂਦਰੀਕਰਨ ਬਹੁਤ ਜ਼ਿਆਦਾ ਹੈ ਅਤੇ ਰਾਜਾਂ ਨੂੰ ਨਗਰ ਪਾਲਿਕਾਵਾਂ ਤੱਕ ਘਟਾ ਦਿੱਤਾ ਗਿਆ ਹੈ। ਇਹ ਸਪੱਸ਼ਟ ਹੈ ਕਿ ਇਹ ਵਿਚਾਰ ਨਾ ਸਿਰਫ਼ ਅਤਿਕਥਨੀ ਵਾਲਾ ਹੈ, ਸਗੋਂ ਸੰਵਿਧਾਨ ਦੇ ਅਸਲ ਉਦੇਸ਼ ਦੀ ਗਲਤਫਹਿਮੀ 'ਤੇ ਵੀ ਅਧਾਰਤ ਹੈ। ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧਾਂ ਦੇ ਸੰਬੰਧ ਵਿੱਚ, ਉਸ ਬੁਨਿਆਦੀ ਸਿਧਾਂਤ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਜਿਸ 'ਤੇ ਇਹ ਅਧਾਰਤ ਹੈ। ਸੰਘਵਾਦ ਦਾ ਮੂਲ ਸਿਧਾਂਤ ਇਹ ਹੈ ਕਿ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਵੰਡ ਕੇਂਦਰ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਦੁਆਰਾ ਨਹੀਂ, ਸਗੋਂ ਸੰਵਿਧਾਨ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਇਹ ਸੰਵਿਧਾਨ ਕਰਦਾ ਹੈ। ਸਾਡੇ ਸੰਵਿਧਾਨ ਦੇ ਤਹਿਤ, ਰਾਜ ਕਿਸੇ ਵੀ ਤਰ੍ਹਾਂ ਆਪਣੀਆਂ ਵਿਧਾਨਕ ਜਾਂ ਕਾਰਜਕਾਰੀ ਸ਼ਕਤੀਆਂ ਲਈ ਕੇਂਦਰ 'ਤੇ ਨਿਰਭਰ ਨਹੀਂ ਹਨ। ਇਸ ਮਾਮਲੇ ਵਿੱਚ, ਕੇਂਦਰ ਅਤੇ ਰਾਜ ਬਰਾਬਰ ਹਨ। ਇਹ ਸਮਝਣਾ ਮੁਸ਼ਕਲ ਹੈ ਕਿ ਅਜਿਹੇ ਸੰਵਿਧਾਨ ਨੂੰ ਕੇਂਦਰਵਾਦ ਕਿਵੇਂ ਕਿਹਾ ਜਾ ਸਕਦਾ ਹੈ। ਸੰਵਿਧਾਨ ਕੇਂਦਰ ਨੂੰ ਆਪਣੀਆਂ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਕਰਨ ਲਈ ਕਿਸੇ ਹੋਰ ਸੰਘੀ ਸੰਵਿਧਾਨ ਨਾਲੋਂ ਬਹੁਤ ਵੱਡਾ ਦਾਇਰਾ ਪ੍ਰਦਾਨ ਕਰ ਸਕਦਾ ਹੈ। ਇਹ ਹੋ ਸਕਦਾ ਹੈ ਕਿ ਬਾਕੀ ਸ਼ਕਤੀਆਂ ਕੇਂਦਰ ਨੂੰ ਦਿੱਤੀਆਂ ਜਾਣ, ਰਾਜਾਂ ਨੂੰ ਨਹੀਂ। ਪਰ ਇਹ ਵਿਸ਼ੇਸ਼ਤਾਵਾਂ ਸੰਘਵਾਦ ਦਾ ਸਾਰ ਨਹੀਂ ਹਨ। ਜਿਵੇਂ ਕਿ ਮੈਂ ਕਿਹਾ, ਸੰਘਵਾਦ ਦੀ ਮੁੱਖ ਵਿਸ਼ੇਸ਼ਤਾ ਕੇਂਦਰ ਅਤੇ ਸੰਵਿਧਾਨ ਵਿੱਚ ਦਰਜ ਇਕਾਈਆਂ ਵਿਚਕਾਰ ਵਿਧਾਨਕ ਅਤੇ ਕਾਰਜਕਾਰੀ ਸ਼ਕਤੀਆਂ ਦੀ ਵੰਡ ਹੈ। ਇਹ ਸਾਡੇ ਸੰਵਿਧਾਨ ਵਿੱਚ ਦਰਜ ਇੱਕ ਸਿਧਾਂਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ। ਇਸ ਲਈ, ਇਹ ਕਹਿਣਾ ਗਲਤ ਹੈ ਕਿ ਰਾਜ ਕੇਂਦਰ ਦੇ ਅਧੀਨ ਹਨ। ਕੇਂਦਰ ਆਪਣੀ ਮਰਜ਼ੀ ਨਾਲ ਉਸ ਵੰਡ ਦੀਆਂ ਸੀਮਾਵਾਂ ਨੂੰ ਨਹੀਂ ਬਦਲ ਸਕਦਾ। ਨਾ ਹੀ ਨਿਆਂਪਾਲਿਕਾ। ਕਿਉਂਕਿ, ਜਿਵੇਂ ਕਿ ਸਹੀ ਕਿਹਾ ਗਿਆ ਹੈ:

"ਅਦਾਲਤਾਂ ਸੋਧ ਸਕਦੀਆਂ ਹਨ, ਪਰ ਉਹ ਬਦਲ ਨਹੀਂ ਸਕਦੀਆਂ। ਜਦੋਂ ਨਵੇਂ ਦਲੀਲਾਂ ਅਤੇ ਨਵੇਂ ਦ੍ਰਿਸ਼ਟੀਕੋਣ ਪੇਸ਼ ਕੀਤੇ ਜਾਂਦੇ ਹਨ ਤਾਂ ਉਹ ਪੁਰਾਣੀਆਂ ਵਿਆਖਿਆਵਾਂ ਨੂੰ ਸੋਧ ਸਕਦੀਆਂ ਹਨ, ਉਹ ਹਾਸ਼ੀਏ ਦੇ ਮਾਮਲਿਆਂ ਵਿੱਚ ਵੰਡ ਰੇਖਾ ਨੂੰ ਬਦਲ ਸਕਦੀਆਂ ਹਨ, ਪਰ ਕੁਝ ਰੁਕਾਵਟਾਂ ਹਨ ਜਿਨ੍ਹਾਂ ਨੂੰ ਉਹ ਪਾਰ ਨਹੀਂ ਕਰ ਸਕਦੇ, ਕੁਝ ਸ਼ਕਤੀਆਂ ਉਹ ਮੁੜ ਵੰਡ ਨਹੀਂ ਕਰ ਸਕਦੇ। ਉਹ ਮੌਜੂਦਾ ਸ਼ਕਤੀਆਂ ਨੂੰ ਵਧਾ ਸਕਦੇ ਹਨ, ਪਰ ਉਹ ਇੱਕ ਅਥਾਰਟੀ ਸ਼ਕਤੀਆਂ ਨੂੰ ਸਪੱਸ਼ਟ ਤੌਰ 'ਤੇ ਦੂਜੇ ਨੂੰ ਸੌਂਪ ਨਹੀਂ ਸਕਦੇ।"

ਇਸ ਲਈ, ਸੰਘਵਾਦ ਨੂੰ ਹਰਾਉਣ ਵਾਲੇ ਕੇਂਦਰੀਕਰਨ ਦੇ ਪਹਿਲੇ ਦੋਸ਼ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

ਦੂਜਾ ਦੋਸ਼ ਇਹ ਹੈ ਕਿ ਕੇਂਦਰ ਨੂੰ ਰਾਜਾਂ ਨੂੰ ਬਾਈਪਾਸ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਇਸ ਦੋਸ਼ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਪਰ ਸੰਵਿਧਾਨ ਵਿੱਚ ਅਜਿਹੀਆਂ ਅਲਟਰਾਵਾਇਰਸ ਸ਼ਕਤੀਆਂ ਨੂੰ ਸ਼ਾਮਲ ਕਰਨ ਦੀ ਨਿੰਦਾ ਕਰਨ ਤੋਂ ਪਹਿਲਾਂ, ਕੁਝ ਵਿਚਾਰਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪਹਿਲਾ ਇਹ ਕਿ ਇਹ ਅਲਟਰਾਵਾਇਰਸ ਸ਼ਕਤੀਆਂ ਸੰਵਿਧਾਨ ਦੀ ਇੱਕ ਆਮ ਵਿਸ਼ੇਸ਼ਤਾ ਨਹੀਂ ਹਨ। ਇਹਨਾਂ ਦੀ ਵਰਤੋਂ ਅਤੇ ਸੰਚਾਲਨ ਸਪੱਸ਼ਟ ਤੌਰ 'ਤੇ ਸਿਰਫ ਐਮਰਜੈਂਸੀ ਤੱਕ ਸੀਮਿਤ ਹਨ। ਦੂਜਾ ਵਿਚਾਰ ਇਹ ਹੈ: ਕੀ ਅਸੀਂ ਐਮਰਜੈਂਸੀ ਵਿੱਚ ਕੇਂਦਰ ਨੂੰ ਅਲਟਰਾਵਾਇਰਸ ਸ਼ਕਤੀਆਂ ਦੇਣ ਤੋਂ ਬਚ ਸਕਦੇ ਹਾਂ? ਜੋ ਲੋਕ ਐਮਰਜੈਂਸੀ ਦੌਰਾਨ ਵੀ ਕੇਂਦਰ ਨੂੰ ਅਜਿਹੀਆਂ ਬੁਨਿਆਦੀ ਢਾਂਚਾਗਤ ਸ਼ਕਤੀਆਂ ਦੇਣ ਦੇ ਜਾਇਜ਼ਤਾ ਨੂੰ ਸਵੀਕਾਰ ਨਹੀਂ ਕਰਦੇ, ਉਨ੍ਹਾਂ ਨੂੰ ਇਸ ਸਮੱਸਿਆ ਦੀ ਕੋਈ ਸਪੱਸ਼ਟ ਸਮਝ ਨਹੀਂ ਹੈ ਜੋ ਮਾਮਲੇ ਦੇ ਕੇਂਦਰ ਵਿੱਚ ਹੈ। ਇਸ ਸਮੱਸਿਆ ਨੂੰ ਇੱਕ ਲੇਖਕ ਦੁਆਰਾ ਦਸੰਬਰ 1935 ਦੇ ਉਸ ਮਸ਼ਹੂਰ ਮੈਗਜ਼ੀਨ, "ਦ ਰਾਊਂਡ ਟੇਬਲ" ਦੇ ਅੰਕ ਵਿੱਚ ਇੰਨੀ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ ਹੈ ਕਿ ਮੈਂ ਇਸ ਵਿੱਚੋਂ ਹੇਠ ਲਿਖੇ ਹਵਾਲੇ ਦਾ ਹਵਾਲਾ ਦੇਣ ਲਈ ਕੋਈ ਮੁਆਫ਼ੀ ਨਹੀਂ ਮੰਗਦਾ। ਲੇਖਕ ਕਹਿੰਦਾ ਹੈ:

"ਰਾਜਨੀਤਿਕ ਪ੍ਰਣਾਲੀਆਂ ਅਧਿਕਾਰਾਂ ਅਤੇ ਕਰਤੱਵਾਂ ਦਾ ਇੱਕ ਸਮੂਹ ਹਨ ਜੋ ਅੰਤ ਵਿੱਚ ਇਸ ਸਵਾਲ 'ਤੇ ਨਿਰਭਰ ਕਰਦੀਆਂ ਹਨ ਕਿ ਇੱਕ ਨਾਗਰਿਕ ਕਿਸ ਜਾਂ ਕਿਸ ਅਧਿਕਾਰ ਪ੍ਰਤੀ ਵਫ਼ਾਦਾਰ ਹੈ। ਆਮ ਹਾਲਾਤਾਂ ਵਿੱਚ, ਇਹ ਸਵਾਲ ਪੈਦਾ ਨਹੀਂ ਹੁੰਦਾ, ਕਿਉਂਕਿ ਕਾਨੂੰਨ ਸੁਚਾਰੂ ਢੰਗ ਨਾਲ ਕੰਮ ਕਰਦਾ ਹੈ, ਅਤੇ ਵਿਅਕਤੀ ਇੱਕ ਮਾਮਲੇ ਵਿੱਚ ਇੱਕ ਅਥਾਰਟੀ ਦੇ ਹੁਕਮਾਂ ਅਨੁਸਾਰ ਕੰਮ ਕਰਦੇ ਹਨ ਅਤੇ ਦੂਜੇ ਵਿੱਚ ਦੂਜੇ। ਪਰ ਸੰਕਟ ਦੇ ਪਲ ਵਿੱਚ, ਦਾਅਵਿਆਂ ਦੇ ਟਕਰਾਅ ਪੈਦਾ ਹੋ ਸਕਦੇ ਹਨ, ਅਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅੰਤਮ ਵਫ਼ਾਦਾਰੀਆਂ ਨੂੰ ਵੰਡਿਆ ਨਹੀਂ ਜਾ ਸਕਦਾ। ਵਫ਼ਾਦਾਰੀ ਦੇ ਸਵਾਲ ਨੂੰ ਅੰਤ ਵਿੱਚ ਕਾਨੂੰਨਾਂ ਦੀ ਨਿਆਂਇਕ ਵਿਆਖਿਆ ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ। ਕਾਨੂੰਨ ਨੂੰ ਤੱਥਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ; ਨਹੀਂ ਤਾਂ, ਕਾਨੂੰਨ ਲਈ ਹੋਰ ਵੀ ਮਾੜਾ। ਜਦੋਂ ਸਾਰੀਆਂ ਰਸਮਾਂ ਨੂੰ ਹਟਾ ਦਿੱਤਾ ਜਾਂਦਾ ਹੈ, ਤਾਂ ਇੱਕੋ ਇੱਕ ਸਵਾਲ ਇਹ ਹੈ: ਨਾਗਰਿਕ ਕਿਸ ਅਧਿਕਾਰ ਪ੍ਰਤੀ ਬਾਕੀ ਵਫ਼ਾਦਾਰੀ ਰੱਖਦਾ ਹੈ? ਕੀ ਇਹ ਕੇਂਦਰੀ ਸਰਕਾਰ ਹੈ ਜਾਂ ਰਾਜ ਜੋ ਸੰਵਿਧਾਨ ਦਾ ਗਠਨ ਕਰਦੇ ਹਨ?"

ਇਸ ਸਮੱਸਿਆ ਦਾ ਹੱਲ ਉਸ ਸਵਾਲ ਦੇ ਜਵਾਬ 'ਤੇ ਨਿਰਭਰ ਕਰਦਾ ਹੈ ਜੋ ਸਮੱਸਿਆ ਦੇ ਕੇਂਦਰ ਵਿੱਚ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ, ਜ਼ਿਆਦਾਤਰ ਲੋਕਾਂ ਦੀ ਰਾਏ ਵਿੱਚ, ਐਮਰਜੈਂਸੀ ਵਿੱਚ, ਨਾਗਰਿਕ ਦੀ ਬਾਕੀ ਵਫ਼ਾਦਾਰੀ ਕੇਂਦਰ ਸਰਕਾਰ ਪ੍ਰਤੀ ਹੋਣੀ ਚਾਹੀਦੀ ਹੈ, ਨਾ ਕਿ ਸੰਵਿਧਾਨ ਬਣਾਉਣ ਵਾਲੇ ਰਾਜਾਂ ਪ੍ਰਤੀ। ਕਿਉਂਕਿ ਸਿਰਫ਼ ਕੇਂਦਰ ਹੀ ਇੱਕ ਸਾਂਝੇ ਟੀਚੇ ਅਤੇ ਸਮੁੱਚੇ ਦੇਸ਼ ਦੇ ਆਮ ਹਿੱਤਾਂ ਲਈ ਕੰਮ ਕਰ ਸਕਦਾ ਹੈ। ਇਹ ਬਿਲਕੁਲ ਸਾਰੇ ਕੇਂਦਰਾਂ ਨੂੰ ਐਮਰਜੈਂਸੀ ਵਿੱਚ ਵਰਤੋਂ ਲਈ ਕੁਝ ਅਵਿਭਾਜਿਤ ਸ਼ਕਤੀਆਂ ਦੇਣ ਦਾ ਤਰਕ ਹੈ। ਅਤੇ ਇਹ ਐਮਰਜੈਂਸੀ ਸ਼ਕਤੀਆਂ ਸੰਵਿਧਾਨ ਦੁਆਰਾ ਬਣਾਏ ਗਏ ਰਾਜਾਂ 'ਤੇ ਕੀ ਜ਼ਿੰਮੇਵਾਰੀ ਲਗਾਉਂਦੀਆਂ ਹਨ? ਇਸ ਤੋਂ ਵੱਧ ਕੁਝ ਨਹੀਂ, ਐਮਰਜੈਂਸੀ ਵਿੱਚ, ਉਨ੍ਹਾਂ ਨੂੰ ਆਪਣੇ ਸਥਾਨਕ ਹਿੱਤਾਂ ਤੋਂ ਇਲਾਵਾ, ਸਮੁੱਚੇ ਰਾਸ਼ਟਰ ਦੇ ਵਿਚਾਰਾਂ ਅਤੇ ਹਿੱਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਸਿਰਫ਼ ਉਹ ਲੋਕ ਹੀ ਇਸ ਬਾਰੇ ਸ਼ਿਕਾਇਤ ਕਰ ਸਕਦੇ ਹਨ ਜਿਨ੍ਹਾਂ ਨੇ ਸਮੱਸਿਆ ਨੂੰ ਨਹੀਂ ਸਮਝਿਆ ਹੈ।

ਮੈਂ ਆਪਣਾ ਭਾਸ਼ਣ ਇੱਥੇ ਹੀ ਖਤਮ ਕਰ ਸਕਦਾ ਸੀ। ਪਰ ਮੇਰਾ ਮਨ ਸਾਡੇ ਦੇਸ਼ ਦੇ ਭਵਿੱਖ ਨਾਲ ਇੰਨਾ ਰੁੱਝਿਆ ਹੋਇਆ ਹੈ ਕਿ ਮੈਨੂੰ ਲੱਗਦਾ ਹੈ ਕਿ ਮੈਨੂੰ ਇਸ ਮੌਕੇ 'ਤੇ ਆਪਣੇ ਕੁਝ ਵਿਚਾਰ ਪ੍ਰਗਟ ਕਰਨੇ ਚਾਹੀਦੇ ਹਨ। 26 ਜਨਵਰੀ, 1950 ਨੂੰ, ਭਾਰਤ ਇੱਕ ਸੁਤੰਤਰ ਦੇਸ਼ ਹੋਵੇਗਾ (ਚੇਅਰਜ਼)। ਇਸਦੀ ਆਜ਼ਾਦੀ ਦਾ ਕੀ ਬਣੇਗਾ? ਕੀ ਇਹ ਆਪਣੀ ਆਜ਼ਾਦੀ ਨੂੰ ਬਰਕਰਾਰ ਰੱਖੇਗਾ ਜਾਂ ਇਸਨੂੰ ਦੁਬਾਰਾ ਗੁਆ ਦੇਵੇਗਾ? ਇਹ ਪਹਿਲਾ ਵਿਚਾਰ ਹੈ ਜੋ ਮੇਰੇ ਮਨ ਵਿੱਚ ਆਉਂਦਾ ਹੈ। ਅਜਿਹਾ ਨਹੀਂ ਹੈ ਕਿ ਭਾਰਤ ਕਦੇ ਵੀ ਇੱਕ ਸੁਤੰਤਰ ਦੇਸ਼ ਨਹੀਂ ਸੀ। ਗੱਲ ਇਹ ਹੈ ਕਿ ਇਸਨੇ ਆਪਣੀ ਆਜ਼ਾਦੀ ਇੱਕ ਵਾਰ ਗੁਆ ਦਿੱਤੀ। ਕੀ ਇਹ ਦੂਜੀ ਵਾਰ ਗੁਆ ਦੇਵੇਗਾ? ਇਹ ਉਹ ਵਿਚਾਰ ਹੈ ਜੋ ਮੈਨੂੰ ਭਵਿੱਖ ਬਾਰੇ ਸਭ ਤੋਂ ਵੱਧ ਚਿੰਤਤ ਕਰਦਾ ਹੈ। ਮੈਨੂੰ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਭਾਰਤ ਨੇ ਨਾ ਸਿਰਫ਼ ਪਹਿਲਾਂ ਇੱਕ ਵਾਰ ਆਪਣੀ ਆਜ਼ਾਦੀ ਗੁਆ ਦਿੱਤੀ ਹੈ, ਸਗੋਂ ਆਪਣੇ ਹੀ ਕੁਝ ਲੋਕਾਂ ਦੀ ਬੇਵਫ਼ਾਈ ਅਤੇ ਵਿਸ਼ਵਾਸਘਾਤ ਕਾਰਨ ਇਸਨੂੰ ਗੁਆ ਦਿੱਤਾ ਹੈ। ਮੁਹੰਮਦ ਬਿਨ ਕਾਸਿਮ ਦੇ ਸਿੰਧ 'ਤੇ ਹਮਲੇ ਦੌਰਾਨ, ਰਾਜਾ ਦਾਹਰ ਦੇ ਫੌਜੀ ਕਮਾਂਡਰਾਂ ਨੇ ਮੁਹੰਮਦ ਬਿਨ ਕਾਸਿਮ ਦੇ ਏਜੰਟਾਂ ਤੋਂ ਰਿਸ਼ਵਤ ਲਈ ਸੀ। ਇਹ ਜੈਚੰਦ ਸੀ ਜਿਸਨੇ ਮੁਹੰਮਦ ਗੋਹਰੀ ਨੂੰ ਭਾਰਤ 'ਤੇ ਹਮਲਾ ਕਰਨ ਅਤੇ ਪ੍ਰਿਥਵੀਰਾਜ ਵਿਰੁੱਧ ਲੜਨ ਲਈ ਸੱਦਾ ਦਿੱਤਾ ਸੀ, ਉਸਨੂੰ ਆਪਣੇ ਅਤੇ ਸੋਲੰਕੀ ਰਾਜਿਆਂ ਦੇ ਸਮਰਥਨ ਦਾ ਵਾਅਦਾ ਕੀਤਾ ਸੀ। ਜਦੋਂ ਸ਼ਿਵਾਜੀ ਹਿੰਦੂਆਂ ਦੀ ਆਜ਼ਾਦੀ ਲਈ ਲੜ ਰਹੇ ਸਨ, ਤਾਂ ਹੋਰ ਮਰਾਠਾ ਸਰਦਾਰ ਅਤੇ ਰਾਜਪੂਤ ਰਾਜੇ ਮੁਗਲ ਬਾਦਸ਼ਾਹਾਂ ਵੱਲੋਂ ਲੜ ਰਹੇ ਸਨ। ਜਦੋਂ ਅੰਗਰੇਜ਼ ਸਿੱਖ ਸ਼ਾਸਕਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਉਨ੍ਹਾਂ ਦਾ ਮੁੱਖ ਸੈਨਾਪਤੀ ਗੁਲਾਬ ਸਿੰਘ ਚੁੱਪ ਰਿਹਾ ਅਤੇ ਸਿੱਖ ਸਾਮਰਾਜ ਨੂੰ ਬਚਾਉਣ ਵਿੱਚ ਮਦਦ ਨਹੀਂ ਕੀਤੀ। 1857 ਵਿੱਚ, ਜਦੋਂ ਭਾਰਤ ਦੇ ਇੱਕ ਵੱਡੇ ਹਿੱਸੇ ਨੇ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦਾ ਐਲਾਨ ਕੀਤਾ, ਤਾਂ ਸਿੱਖ ਮੂਕ ਦਰਸ਼ਕ ਬਣ ਕੇ ਖੜ੍ਹੇ ਰਹੇ ਅਤੇ ਦੇਖਦੇ ਰਹੇ।

ਕੀ ਇਤਿਹਾਸ ਆਪਣੇ ਆਪ ਨੂੰ ਦੁਹਰਾਏਗਾ? ਇਹ ਵਿਚਾਰ ਮੈਨੂੰ ਚਿੰਤਾ ਨਾਲ ਭਰ ਦਿੰਦਾ ਹੈ। ਇਹ ਚਿੰਤਾ ਇਸ ਅਹਿਸਾਸ ਨਾਲ ਹੋਰ ਵੀ ਡੂੰਘੀ ਹੋ ਜਾਂਦੀ ਹੈ ਕਿ, ਜਾਤ ਅਤੇ ਧਰਮ ਦੇ ਰੂਪ ਵਿੱਚ ਸਾਡੇ ਪੁਰਾਣੇ ਦੁਸ਼ਮਣਾਂ ਤੋਂ ਇਲਾਵਾ, ਸਾਨੂੰ ਕਈ ਤਰ੍ਹਾਂ ਦੀਆਂ ਅਤੇ ਵਿਰੋਧੀ ਰਾਜਨੀਤਿਕ ਵਿਚਾਰਧਾਰਾਵਾਂ ਵਾਲੀਆਂ ਰਾਜਨੀਤਿਕ ਪਾਰਟੀਆਂ ਦਾ ਵੀ ਸਾਹਮਣਾ ਕਰਨਾ ਪਵੇਗਾ। ਕੀ ਭਾਰਤੀ ਦੇਸ਼ ਨੂੰ ਆਪਣੇ ਧਰਮ ਤੋਂ ਉੱਪਰ ਰੱਖਣਗੇ, ਜਾਂ ਧਰਮ ਨੂੰ ਦੇਸ਼ ਤੋਂ ਉੱਪਰ ਰੱਖਣਗੇ? ਮੈਨੂੰ ਨਹੀਂ ਪਤਾ। ਪਰ ਇੱਕ ਗੱਲ ਪੱਕੀ ਹੈ: ਜੇਕਰ ਇਹ ਪਾਰਟੀਆਂ ਧਰਮ ਨੂੰ ਦੇਸ਼ ਤੋਂ ਉੱਪਰ ਰੱਖਣਗੀਆਂ, ਤਾਂ ਸਾਡੀ ਆਜ਼ਾਦੀ ਦੂਜੀ ਵਾਰ ਖ਼ਤਰੇ ਵਿੱਚ ਪੈ ਜਾਵੇਗੀ ਅਤੇ ਸ਼ਾਇਦ ਹਮੇਸ਼ਾ ਲਈ ਖਤਮ ਹੋ ਜਾਵੇਗੀ। ਸਾਨੂੰ ਸਾਰਿਆਂ ਨੂੰ ਇਸ ਸਥਿਤੀ ਤੋਂ ਸਖ਼ਤੀ ਨਾਲ ਸਾਵਧਾਨ ਰਹਿਣਾ ਚਾਹੀਦਾ ਹੈ। ਸਾਨੂੰ ਆਪਣੇ ਖੂਨ ਦੀ ਆਖਰੀ ਬੂੰਦ ਤੱਕ ਆਪਣੀ ਆਜ਼ਾਦੀ ਦੀ ਰੱਖਿਆ ਕਰਨ ਲਈ ਦ੍ਰਿੜ ਰਹਿਣਾ ਚਾਹੀਦਾ ਹੈ। (ਜਸ਼ੀਲਤਾ)

26 ਜਨਵਰੀ, 1950 ਨੂੰ, ਭਾਰਤ ਇਸ ਅਰਥ ਵਿੱਚ ਇੱਕ ਲੋਕਤੰਤਰੀ ਦੇਸ਼ ਹੋਵੇਗਾ ਕਿ ਉਸ ਦਿਨ ਤੋਂ, ਭਾਰਤ ਵਿੱਚ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੋਵੇਗੀ। ਇਹੀ ਵਿਚਾਰ ਮੇਰੇ ਮਨ ਵਿੱਚ ਆਉਂਦਾ ਹੈ। ਇਸਦੇ ਲੋਕਤੰਤਰੀ ਸੰਵਿਧਾਨ ਦਾ ਕੀ ਬਣੇਗਾ? ਕੀ ਇਹ ਇਸਨੂੰ ਬਣਾਈ ਰੱਖ ਸਕੇਗਾ ਜਾਂ ਗੁਆ ਦੇਵੇਗਾ? ਇਹ ਦੂਜਾ ਵਿਚਾਰ ਹੈ ਜੋ ਮੇਰੇ ਮਨ ਵਿੱਚ ਆਉਂਦਾ ਹੈ, ਅਤੇ ਇਹ ਮੈਨੂੰ ਪਹਿਲੇ ਵਾਂਗ ਹੀ ਚਿੰਤਤ ਕਰਦਾ ਹੈ।

ਇਹ ਨਹੀਂ ਹੈ ਕਿ ਭਾਰਤ ਲੋਕਤੰਤਰ ਨੂੰ ਨਹੀਂ ਜਾਣਦਾ ਸੀ। ਇੱਕ ਸਮਾਂ ਸੀ ਜਦੋਂ ਭਾਰਤ ਗਣਰਾਜਾਂ ਨਾਲ ਭਰਿਆ ਹੋਇਆ ਸੀ, ਅਤੇ ਜਿੱਥੇ ਵੀ ਰਾਜਸ਼ਾਹੀਆਂ ਮੌਜੂਦ ਸਨ, ਉਹ ਜਾਂ ਤਾਂ ਚੁਣੇ ਜਾਂਦੇ ਸਨ ਜਾਂ ਸੀਮਤ ਸਨ। ਉਹ ਕਦੇ ਵੀ ਤਾਨਾਸ਼ਾਹੀ ਨਹੀਂ ਸਨ। ਇਹ ਨਹੀਂ ਹੈ ਕਿ ਭਾਰਤ ਨੂੰ ਸੰਸਦਾਂ ਜਾਂ ਸੰਸਦੀ ਪ੍ਰਕਿਰਿਆ ਦਾ ਪਤਾ ਨਹੀਂ ਸੀ। ਬੋਧੀ ਮੱਠ ਦੇ ਆਦੇਸ਼ਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਨਾ ਸਿਰਫ ਉਨ੍ਹਾਂ ਕੋਲ ਸੰਸਦਾਂ ਸਨ - ਕਿਉਂਕਿ ਆਦੇਸ਼ ਸੰਸਦਾਂ ਤੋਂ ਇਲਾਵਾ ਕੁਝ ਨਹੀਂ ਸਨ - ਬਲਕਿ ਆਦੇਸ਼ ਆਧੁਨਿਕ ਸਮੇਂ ਵਿੱਚ ਜਾਣੇ ਜਾਂਦੇ ਸੰਸਦੀ ਪ੍ਰਕਿਰਿਆ ਦੇ ਸਾਰੇ ਨਿਯਮਾਂ ਨੂੰ ਜਾਣਦੇ ਸਨ ਅਤੇ ਉਨ੍ਹਾਂ ਦੀ ਪਾਲਣਾ ਕਰਦੇ ਸਨ। ਉਨ੍ਹਾਂ ਕੋਲ ਬੈਠਣ ਦੀ ਵਿਵਸਥਾ, ਪ੍ਰਸਤਾਵ, ਮਤੇ, ਕੋਰਮ, ਵ੍ਹਿਪ, ਵੋਟਾਂ ਦੀ ਗਿਣਤੀ, ਵੋਟ ਪੱਤਰ ਦੁਆਰਾ ਵੋਟਿੰਗ, ਨਿੰਦਾ ਪ੍ਰਸਤਾਵ, ਨਿਯਮ, ਪ੍ਰੇਸ ਜੁਡੀਕਾਟਾ, ਆਦਿ ਸੰਬੰਧੀ ਨਿਯਮ ਸਨ। ਹਾਲਾਂਕਿ ਸੰਸਦੀ ਪ੍ਰਕਿਰਿਆ ਦੇ ਇਹ ਨਿਯਮ ਬੁੱਧ ਦੁਆਰਾ ਸੰਘ ਦੀਆਂ ਮੀਟਿੰਗਾਂ 'ਤੇ ਲਾਗੂ ਕੀਤੇ ਗਏ ਸਨ, ਪਰ ਹੋ ਸਕਦਾ ਹੈ ਕਿ ਉਸਨੇ ਉਨ੍ਹਾਂ ਨੂੰ ਆਪਣੇ ਸਮੇਂ ਦੌਰਾਨ ਦੇਸ਼ ਵਿੱਚ ਚੱਲ ਰਹੀਆਂ ਰਾਜਨੀਤਿਕ ਸਭਾਵਾਂ ਦੇ ਨਿਯਮਾਂ ਤੋਂ ਉਧਾਰ ਲਿਆ ਹੋਵੇ।

ਲੇਖ ਦਾ ਬਾਕੀ ਭਾਗ ਕੱਲ੍ਹ

"ਇਕੁਐਲਿਟੀ ਐਂਡ ਜਸਟਿਸ" "Equality and Justice" Rs- 100/month ਸਵਤੰਤ੍ਰਤਾ, ਸਮਾਨਤਾ, ਭਾਈਚਾਰਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com

# ਡਾ. ਬੀ.ਆਰ. ਅੰਬੇਡਕਰ ਦਾ ਸੰਵਿਧਾਨ ਸਭਾ ਭਾਸ਼ਣ: ਮੁੱਖ ਨੁਕਤੇ ਅਤੇ ਵਿਸ਼ਲੇਸ਼ਣ

Eng. Hardip Singh Chumber



## ਕਾਰਜਕਾਰੀ ਸੰਖੇਪ

ਡਾ. ਬੀ.ਆਰ. ਅੰਬੇਡਕਰ ਦਾ 25 ਨਵੰਬਰ, 1949 ਨੂੰ ਸੰਵਿਧਾਨ ਸਭਾ ਨੂੰ ਦਿੱਤਾ ਗਿਆ ਭਾਸ਼ਣ, ਭਾਰਤੀ ਸੰਵਿਧਾਨ ਦੇ ਖਰੜੇ ਦੀ ਪ੍ਰਕਿਰਿਆ, ਇਸਦੇ ਦਾਰਸ਼ਨਿਕ ਆਧਾਰਾਂ ਅਤੇ ਭਾਰਤ ਦੇ ਭਵਿੱਖ ਲਈ ਇਸਦੀਆਂ ਗੰਭੀਰ ਚੇਤਾਵਨੀਆਂ ਦਾ ਇੱਕ ਵਿਆਪਕ ਸੰਸਲੇਸ਼ਣ ਪੇਸ਼ ਕਰਦਾ ਹੈ। ਇਹ ਦਸਤਾਵੇਜ਼ ਉਸ ਇਤਿਹਾਸਕ ਭਾਸ਼ਣ ਦੇ ਮੁੱਖ ਵਿਸ਼ਿਆਂ, ਦਲੀਲਾਂ ਅਤੇ ਮਹੱਤਵਪੂਰਨ ਹਵਾਲਿਆਂ ਦਾ ਵਿਸ਼ਲੇਸ਼ਣ ਕਰਦਾ ਹੈ।

ਭਾਸ਼ਣ ਸੰਵਿਧਾਨ ਦੇ ਖਰੜੇ ਨੂੰ ਤਿਆਰ ਕਰਨ ਵਿੱਚ ਲੱਗੇ ਸਮੇਂ (ਦੋ ਸਾਲ, ਗਿਆਰਾਂ ਮਹੀਨੇ ਅਤੇ ਸਤਾਰਾਂ ਦਿਨ) ਦੇ ਵਿਸਤ੍ਰਿਤ ਬਚਾਅ ਨਾਲ ਸ਼ੁਰੂ ਹੁੰਦਾ ਹੈ, ਇਸਦੀ ਤੁਲਨਾ ਦੂਜੇ ਦੇਸ਼ਾਂ ਨਾਲ ਕੀਤੀ ਜਾਂਦੀ ਹੈ, ਅਤੇ ਭਾਰਤੀ ਸੰਵਿਧਾਨ ਦੇ ਵਿਸ਼ਾਲ ਆਕਾਰ ਅਤੇ ਸੋਧਾਂ ਦੀ ਵੱਡੀ ਗਿਣਤੀ (ਲਗਭਗ 2,473) ਨੂੰ ਉਜਾਗਰ ਕਰਦਾ ਹੈ। ਡਾ. ਅੰਬੇਡਕਰ ਡਰਾਫਟ ਕਮੇਟੀ ਦੇ ਵਿਰੁੱਧ ਦੋਸ਼ਾਂ ਦਾ ਖੰਡਨ ਕਰਦੇ ਹਨ, ਖਾਸ ਕਰਕੇ ਸ਼੍ਰੀ ਨਜ਼ੀਰੁਦੀਨ ਅਹਿਮਦ ਦੀ "ਵਹਿ ਰਹੀ ਕਮੇਟੀ" ਦੀ ਟਿੱਪਣੀ, ਅਤੇ ਕਮੇਟੀ ਦੇ ਕੰਮ ਦੀ ਪ੍ਰਸ਼ੰਸਾ ਕਰਨ ਵਾਲੇ ਜ਼ਿਆਦਾਤਰ ਮੈਂਬਰਾਂ ਦਾ ਧੰਨਵਾਦ ਪ੍ਰਗਟ ਕਰਦੇ ਹਨ। ਉਹ ਸਰ ਬੀ.ਐਨ. ਰਾਓ, ਸ਼੍ਰੀ ਐਸ.ਐਨ. ਮੁਖਰਜੀ ਬਹੁਤ ਸਾਰੇ ਵਿਅਕਤੀਆਂ ਅਤੇ ਸਮੂਹਾਂ ਦੇ ਯੋਗਦਾਨ ਨੂੰ ਨਿਮਰਤਾ ਨਾਲ ਸਵੀਕਾਰ ਕਰਦੇ ਹਨ, ਜਿਨ੍ਹਾਂ ਵਿੱਚ ਕਮੇਟੀ ਮੈਂਬਰ, ਕਾਂਗਰਸ ਪਾਰਟੀ ਅਤੇ ਇੱਥੋਂ ਤੱਕ ਕਿ ਆਲੋਚਕ ਵੀ ਸ਼ਾਮਲ ਹਨ।

ਭਾਸ਼ਣ ਦਾ ਮੁੱਖ ਕੇਂਦਰ ਸੰਵਿਧਾਨ ਦੇ ਗੁਣਾਂ ਤੋਂ ਹਟ ਕੇ ਭਾਰਤ ਦੇ ਲੋਕਤੰਤਰੀ ਭਵਿੱਖ ਨੂੰ ਦਰਪੇਸ਼ ਚੁਣੌਤੀਆਂ ਵੱਲ ਹੈ। ਡਾ. ਅੰਬੇਡਕਰ ਤਿੰਨ ਮੁੱਖ ਚੇਤਾਵਨੀਆਂ ਦਿੰਦੇ ਹਨ:

1. ਆਜ਼ਾਦੀ ਦੀ ਰੱਖਿਆ: ਇਤਿਹਾਸਕ ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ, ਉਹ ਚੇਤਾਵਨੀ ਦਿੰਦੇ ਹਨ ਕਿ ਭਾਰਤ ਪਹਿਲਾਂ ਆਪਣੇ ਲੋਕਾਂ ਨਾਲ ਵਿਸ਼ਵਾਸਘਾਤ ਕਾਰਨ ਆਪਣੀ ਆਜ਼ਾਦੀ ਗੁਆ ਚੁੱਕਾ ਹੈ। ਉਹ ਤਾਕੀਦ ਕਰਦੇ ਹਨ ਕਿ ਰਾਸ਼ਟਰ ਨੂੰ ਧਰਮ ਅਤੇ ਸੰਪਰਦਾ ਤੋਂ ਉੱਪਰ ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਆਜ਼ਾਦੀ ਦੁਬਾਰਾ ਖ਼ਤਰੇ ਵਿੱਚ ਨਾ ਪਵੇ।

2. ਲੋਕਤੰਤਰ ਬਣਾਈ ਰੱਖਣਾ: ਉਹ ਲੋਕਤੰਤਰ ਬਣਾਈ ਰੱਖਣ ਲਈ ਤਿੰਨ ਜ਼ਰੂਰੀ ਸ਼ਰਤਾਂ 'ਤੇ ਜ਼ੋਰ ਦਿੰਦੇ ਹਨ: (a) ਸਮਾਜਿਕ-ਆਰਥਿਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਿਰਫ਼ ਸੰਵਿਧਾਨਕ ਤਰੀਕਿਆਂ ਦੀ ਪਾਲਣਾ ਕਰਨਾ ਅਤੇ ਸਿਵਲ ਅਵੱਗਿਆ ਵਰਗੇ ਅਰਾਜਕਤਾਵਾਦੀ ਤਰੀਕਿਆਂ ਨੂੰ ਛੱਡਣਾ; (b) ਨਾਇਕ-ਪੂਜਾ (ਭਗਤੀ) ਦੀ ਰਾਜਨੀਤੀ ਤੋਂ ਬਚਣਾ, ਜੋ ਤਾਨਾਸ਼ਾਹੀ ਵੱਲ ਲੈ ਜਾਂਦਾ ਹੈ; ਅਤੇ (c) ਸਿਰਫ਼ ਰਾਜਨੀਤਿਕ ਲੋਕਤੰਤਰ ਨਾਲ ਸੰਤੁਸ਼ਟ ਹੋਣ ਦੀ ਬਜਾਏ ਸਮਾਜਿਕ ਲੋਕਤੰਤਰ ਸਥਾਪਤ ਕਰਨਾ।

3. ਸਮਾਜਿਕ ਅਤੇ ਆਰਥਿਕ ਅਸਮਾਨਤਾ ਦਾ ਖਾਤਮਾ: ਡਾ. ਅੰਬੇਡਕਰ ਇਸ "ਵਿਰੋਧਾਂ ਦੇ ਜੀਵਨ" ਲਈ ਸਭ ਤੋਂ ਵੱਡਾ ਖ਼ਤਰਾ ਮੰਨਦੇ ਹਨ, ਜਿੱਥੇ ਰਾਜਨੀਤਿਕ ਸਮਾਨਤਾ (ਇੱਕ ਵਿਅਕਤੀ, ਇੱਕ ਵੋਟ) ਗੰਭੀਰ ਸਮਾਜਿਕ ਅਤੇ ਆਰਥਿਕ ਅਸਮਾਨਤਾ ਦੇ ਨਾਲ ਰਹਿੰਦੀ ਹੈ। ਉਹ ਚੇਤਾਵਨੀ ਦਿੰਦੇ ਹਨ ਕਿ ਜੇਕਰ ਇਸ ਵਿਰੋਧਾਭਾਸ ਨੂੰ ਜਲਦੀ ਹੱਲ ਨਹੀਂ ਕੀਤਾ ਗਿਆ, ਤਾਂ ਅਸਮਾਨਤਾ ਤੋਂ ਪੀੜਤ ਲੋਕ ਰਾਜਨੀਤਿਕ ਲੋਕਤੰਤਰ ਦੇ ਢਾਂਚੇ ਨੂੰ ਤਬਾਹ ਕਰ ਦੇਣਗੇ।

ਅੰਤ ਵਿੱਚ, ਉਹ "ਭਾਈਚਾਰਾ" ਸਥਾਪਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹਨ, ਇਹ ਸਵੀਕਾਰ ਕਰਦੇ ਹੋਏ ਕਿ ਹਜ਼ਾਰਾਂ ਜਾਤਾਂ ਵਿੱਚ ਵੰਡਿਆ ਹੋਇਆ ਭਾਰਤ ਅਜੇ ਇੱਕ ਰਾਸ਼ਟਰ ਨਹੀਂ ਬਣਿਆ ਹੈ। ਜਾਤਾਂ "ਰਾਸ਼ਟਰ ਵਿਰੋਧੀ" ਹਨ, ਅਤੇ ਇੱਕ ਸੱਚਾ ਰਾਸ਼ਟਰ ਬਣਨ ਲਈ ਇਹਨਾਂ ਰੁਕਾਵਟਾਂ ਨੂੰ ਦੂਰ ਕਰਨਾ ਲਾਜ਼ਮੀ ਹੈ। ਭਾਸ਼ਣ ਆਜ਼ਾਦੀ ਦੇ ਨਾਲ ਆਈਆਂ ਵੱਡੀਆਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਣ ਅਤੇ ਲੋਕਤੰਤਰ ਨੂੰ ਸਿਰਫ਼ "ਲੋਕਾਂ ਲਈ ਸਰਕਾਰ" ਬਣਨ ਤੋਂ ਰੋਕਣ ਲਈ ਨਿਰੰਤਰ ਯਤਨਾਂ ਦੀ ਮੰਗ ਦੇ ਨਾਲ ਸਮਾਪਤ ਹੁੰਦਾ ਹੈ।

## ਸੰਵਿਧਾਨ ਨਿਰਮਾਣ ਪ੍ਰਕਿਰਿਆ

ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਦੁਆਰਾ ਕੀਤੇ ਗਏ ਵਿਸ਼ਾਲ ਕੰਮ ਅਤੇ ਯਤਨਾਂ ਦਾ ਇੱਕ ਵਿਸਤ੍ਰਿਤ ਤੱਥਾਂ ਵਾਲਾ ਸੰਖੇਪ ਪੇਸ਼ ਕੀਤਾ, ਖਾਸ ਤੌਰ 'ਤੇ ਪ੍ਰਕਿਰਿਆ ਦੀ ਮਿਆਦ ਦੀ ਆਲੋਚਨਾ ਨੂੰ ਸੰਬੋਧਿਤ ਕਰਦੇ ਹੋਏ।

## ਸਮਾਂ-ਰੇਖਾ ਅਤੇ ਅੰਕੜੇ

* ਕੁੱਲ ਮਿਆਦ: 9 ਦਸੰਬਰ, 1946 ਤੋਂ 25 ਨਵੰਬਰ, 1949 ਤੱਕ, ਭਾਵ, ਦੋ ਸਾਲ, ਗਿਆਰਾਂ ਮਹੀਨੇ ਅਤੇ ਸਤਾਰਾਂ ਦਿਨ।
* ਕੁੱਲ ਸੈਸ਼ਨ: ਇਸ ਸਮੇਂ ਦੌਰਾਨ ਸੰਵਿਧਾਨ ਸਭਾ ਦੇ ਗਿਆਰਾਂ ਸੈਸ਼ਨ ਹੋਏ।
* ਕੰਮਕਾਜੀ ਦਿਨ: ਗਿਆਰਾਂ ਸੈਸ਼ਨਾਂ ਵਿੱਚ ਕੁੱਲ 165 ਦਿਨ ਲੱਗੇ।
* ਡਰਾਫਟ 'ਤੇ ਵਿਚਾਰ: ਇਹਨਾਂ 165 ਦਿਨਾਂ ਵਿੱਚੋਂ, 114 ਦਿਨ ਸੰਵਿਧਾਨ ਦੇ ਡਰਾਫਟ 'ਤੇ ਵਿਚਾਰ ਕਰਨ ਵਿੱਚ ਬਿਤਾਏ ਗਏ।
* ਡਰਾਫਟ ਕਮੇਟੀ ਦਾ ਕੰਮ: 29 ਅਗਸਤ, 1947 ਨੂੰ ਚੁਣੀ ਗਈ ਡਰਾਫਟ ਕਮੇਟੀ 141 ਦਿਨਾਂ ਲਈ ਮੀਟਿੰਗ ਕੀਤੀ।
* ਸੰਵਿਧਾਨਕ ਸਲਾਹਕਾਰ ਦੁਆਰਾ ਤਿਆਰ ਕੀਤੇ ਗਏ ਮੂਲ ਡਰਾਫਟ ਵਿੱਚ 243 ਧਾਰਾਵਾਂ ਅਤੇ 13 ਅਨੁਸੂਚੀਆਂ ਸਨ।
* ਡਰਾਫਟ ਕਮੇਟੀ ਦੁਆਰਾ ਪੇਸ਼ ਕੀਤੇ ਗਏ ਪਹਿਲੇ ਡਰਾਫਟ ਵਿੱਚ 315 ਧਾਰਾਵਾਂ ਅਤੇ 8 ਅਨੁਸੂਚੀਆਂ ਸਨ।
* ਇਸਦੇ ਅੰਤਮ ਰੂਪ ਵਿੱਚ, ਸੰਵਿਧਾਨ ਵਿੱਚ 395 ਧਾਰਾਵਾਂ ਅਤੇ 8 ਅਨੁਸੂਚੀਆਂ ਸਨ।
* ਸੋਧਾਂ: ਡਰਾਫਟ ਸੰਵਿਧਾਨ ਵਿੱਚ ਪੇਸ਼ ਕੀਤੇ ਗਏ ਕੁੱਲ ਸੋਧਾਂ ਦੀ ਗਿਣਤੀ ਲਗਭਗ 7,635 ਸੀ, ਜਿਨ੍ਹਾਂ ਵਿੱਚੋਂ 2,473 ਅਸਲ ਵਿੱਚ ਵਿਧਾਨ ਸਭਾ ਵਿੱਚ ਵਿਚਾਰੀਆਂ ਗਈਆਂ ਸਨ।

## ਦੇਰੀ ਦੇ ਦੋਸ਼ਾਂ ਦਾ ਖੰਡਨ

ਡਾ. ਅੰਬੇਡਕਰ ਨੇ ਇਸ ਦੋਸ਼ ਦਾ ਜ਼ੋਰਦਾਰ ਖੰਡਨ ਕੀਤਾ ਕਿ ਸੰਵਿਧਾਨ ਸਭਾ ਨੇ ਬਹੁਤ ਜ਼ਿਆਦਾ ਸਮਾਂ ਲਿਆ। ਉਸਨੇ ਦੂਜੇ ਦੇਸ਼ਾਂ ਦੀਆਂ ਸੰਵਿਧਾਨ ਸਭਾਵਾਂ ਦੁਆਰਾ ਲਏ ਗਏ ਸਮੇਂ ਦੀ ਤੁਲਨਾ ਕਰਕੇ ਆਪਣਾ ਪੱਖ ਪੇਸ਼ ਕੀਤਾ।

| ਦੇਸ਼ | ਸਮਾਂ ਅਵਧੀ | ਸੰਵਿਧਾਨ ਦਾ ਆਕਾਰ (ਲੇਖ/ਧਾਰਾ) |
|---|---|---|
| ਭਾਰਤ | 2 ਸਾਲ, 11 ਮਹੀਨੇ, | 395 ਲੇਖ |
| ਅਮਰੀਕਾ | 4 ਮਹੀਨੇ, | 7 ਲੇਖ (ਕੁੱਲ 21 ਭਾਗ) |
| ਕੈਨੇਡਾ | 2 ਸਾਲ, 5 ਮਹੀਨੇ, | 147 ਭਾਗ |
| ਆਸਟ੍ਰੇਲੀਆ | 9 ਸਾਲ, | 128 ਭਾਗ |
| ਦੱਖਣੀ ਅਫ਼ਰੀਕਾ | 1 ਸਾਲ, | 153 ਭਾਗ |

## ਉਸਨੇ ਦੋ ਮੁੱਖ ਦਲੀਲਾਂ ਦਿੱਤੀਆਂ:

1. ਸੰਵਿਧਾਨ ਦਾ ਆਕਾਰ: ਭਾਰਤੀ ਸੰਵਿਧਾਨ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਦੇ ਸੰਵਿਧਾਨਾਂ ਨਾਲੋਂ ਬਹੁਤ ਜ਼ਿਆਦਾ ਵਿਸਤ੍ਰਿਤ ਅਤੇ ਵੱਡਾ ਹੈ।

2. ਸੋਧਾਂ ਦੀ ਗਿਣਤੀ: ਦੂਜੇ ਦੇਸ਼ਾਂ ਵਿੱਚ ਸੰਵਿਧਾਨ ਨਿਰਮਾਤਾਵਾਂ ਨੂੰ ਸੋਧਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ, ਜਦੋਂ ਕਿ ਭਾਰਤੀ ਸੰਵਿਧਾਨ ਸਭਾ ਨੂੰ 2,473 ਸੋਧਾਂ ਨਾਲ ਨਜਿੱਠਣਾ ਪਿਆ।

ਇਨ੍ਹਾਂ ਤੱਥਾਂ ਦੇ ਆਧਾਰ 'ਤੇ, ਉਸਨੇ ਸਿੱਟਾ ਕੱਢਿਆ ਕਿ ਦੇਰੀ ਦਾ ਦੋਸ਼ "ਪੂਰੀ ਤਰ੍ਹਾਂ ਬੇਬੁਨਿਆਦ" ਸੀ ਅਤੇ ਇੰਨੇ ਘੱਟ ਸਮੇਂ ਵਿੱਚ ਇੰਨੇ ਮੁਸ਼ਕਲ ਕੰਮ ਨੂੰ ਪੂਰਾ ਕਰਨ ਲਈ ਸਭਾ ਪ੍ਰਸ਼ੰਸਾ ਦੇ ਹੱਕਦਾਰ ਸੀ।

## ਆਲੋਚਨਾ ਅਤੇ ਪ੍ਰਸ਼ੰਸਾ ਦਾ ਮੁਲਾਂਕਣ

ਡਾ. ਅੰਬੇਡਕਰ ਨੇ ਡਰਾਫਟ ਕਮੇਟੀ ਦੇ ਕੰਮ ਦੀ ਆਲੋਚਨਾ ਅਤੇ ਪ੍ਰਸ਼ੰਸਾ ਦੋਵਾਂ ਨੂੰ ਸਵੀਕਾਰ ਕੀਤਾ।

ਸ਼੍ਰੀ ਨਜ਼ੀਰੁਦੀਨ ਅਹਿਮਦ ਦੁਆਰਾ ਆਲੋਚਨਾ

ਸ਼੍ਰੀ ਨਜ਼ੀਰੁਦੀਨ ਅਹਿਮਦ ਨੇ ਡਰਾਫਟ ਕਮੇਟੀ ਦੇ ਕੰਮ ਨੂੰ "ਘੱਟ-ਗੁਣਵੱਤਾ" ਦੱਸਿਆ ਅਤੇ ਇਸਨੂੰ ਇੱਕ ਨਵਾਂ ਨਾਮ ਦਿੱਤਾ: "ਡ੍ਰਿਫਟਿੰਗ ਕਮੇਟੀ"।

ਡਾ. ਅੰਬੇਡਕਰ ਨੇ ਇਸ ਆਲੋਚਨਾ ਦਾ ਜਵਾਬ ਇਹ ਕਹਿ ਕੇ ਦਿੱਤਾ:

* "ਬਿਨਾਂ ਮੁਹਾਰਤ ਦੇ ਵਹਿਣ ਅਤੇ ਮੁਹਾਰਤ ਨਾਲ ਵਹਿਣ ਵਿੱਚ ਫ਼ਰਕ ਹੈ।"
* ਉਨ੍ਹਾਂ ਦਲੀਲ ਦਿੱਤੀ ਕਿ ਕਮੇਟੀ ਦਾ ਵਹਿਣ ਉਦੇਸ਼ਹੀਣ ਨਹੀਂ ਸੀ; ਇਹ "ਜਾਣ-ਪਛਾਣੇ ਪਾਣੀਆਂ ਵਿੱਚ ਲੱਭ ਰਹੀ ਮੱਛੀ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ।"
* ਉਨ੍ਹਾਂ ਨੇ ਸੋਧਾਂ ਨੂੰ ਵਾਪਸ ਲੈਣ ਅਤੇ ਇੱਕ ਸੁਧਰੇ ਹੋਏ ਸੰਸਕਰਣ ਨੂੰ ਇੱਕ ਗੁਣ ਵਜੋਂ ਪੇਸ਼ ਕਰਨ ਵਿੱਚ ਕਮੇਟੀ ਦੀ ਹਿੰਮਤ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, "ਮੈਨੂੰ ਖੁਸ਼ੀ ਹੈ ਕਿ ਡਰਾਫਟ ਕਮੇਟੀ ਨੇ ਅਜਿਹੀਆਂ ਗਲਤੀਆਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਅੱਗੇ ਆਉਣ ਤੋਂ ਝਿਜਕਿਆ ਨਹੀਂ।"

## ਯੋਗਦਾਨਾਂ ਲਈ ਧੰਨਵਾਦ

ਡਾ. ਅੰਬੇਡਕਰ ਨੇ ਸੰਵਿਧਾਨ ਦੇ ਨਿਰਮਾਣ ਵਿੱਚ ਵੱਖ-ਵੱਖ ਵਿਅਕਤੀਆਂ ਅਤੇ ਸਮੂਹਾਂ ਦੇ ਯੋਗਦਾਨ ਨੂੰ ਖੁੱਲ੍ਹੇ ਦਿਲ ਨਾਲ ਸਿਹਰਾ ਦਿੱਤਾ:

* ਸਰ ਬੀ.ਐਨ. ਰਾਓ (ਸੰਵਿਧਾਨਕ ਸਲਾਹਕਾਰ): ਜਿਨ੍ਹਾਂ ਨੇ ਡਰਾਫਟ ਕਮੇਟੀ ਦੇ ਵਿਚਾਰ ਲਈ ਸੰਵਿਧਾਨ ਦਾ ਇੱਕ ਮੋਟਾ ਖਰੜਾ ਤਿਆਰ ਕੀਤਾ।
* ਡਰਾਫਟ ਕਮੇਟੀ ਦੇ ਮੈਂਬਰ: ਜਿਨ੍ਹਾਂ ਦੇ ਨਵੇਂ ਫਾਰਮੂਲੇ ਬਣਾਉਣ ਵਿੱਚ ਹੁਨਰ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਅਨੁਕੂਲ ਬਣਾਉਣ ਦੀ ਯੋਗਤਾ ਤੋਂ ਬਿਨਾਂ, ਕੰਮ ਸਫਲ ਨਹੀਂ ਹੁੰਦਾ।
* ਸ਼੍ਰੀ ਐਸ.ਐਨ. ਮੁਖਰਜੀ (ਮੁੱਖ ਡਰਾਫਟਸਮੈਨ): ਉਨ੍ਹਾਂ ਨੇ "ਸਭ ਤੋਂ ਗੁੰਝਲਦਾਰ ਪ੍ਰਸਤਾਵਾਂ ਨੂੰ ਸਭ ਤੋਂ ਸਰਲ ਅਤੇ ਸਪਸ਼ਟ ਕਾਨੂੰਨੀ ਰੂਪ ਵਿੱਚ ਪੇਸ਼ ਕਰਨ ਦੀ ਉਨ੍ਹਾਂ ਦੀ ਯੋਗਤਾ" ਨੂੰ ਬੇਮਿਸਾਲ ਦੱਸਿਆ, ਇਹ ਕਹਿੰਦੇ ਹੋਏ ਕਿ ਉਨ੍ਹਾਂ ਦੀ ਸਹਾਇਤਾ ਤੋਂ ਬਿਨਾਂ ਇਸ ਵਿੱਚ ਕਈ ਸਾਲ ਹੋਰ ਲੱਗ ਜਾਂਦੇ।
* ਕਾਂਗਰਸ ਪਾਰਟੀ: ਜਿਸਨੇ ਸਦਨ ਦੀ ਕਾਰਵਾਈ ਵਿੱਚ "ਵਿਵਸਥਾ ਅਤੇ ਅਨੁਸ਼ਾਸਨ ਦੀ ਭਾਵਨਾ" ਲਿਆਂਦੀ, ਹਫੜਾ-ਦਫੜੀ ਦੀ ਸੰਭਾਵਨਾ ਨੂੰ ਖਤਮ ਕੀਤਾ ਅਤੇ ਖਰੜੇ ਨੂੰ ਸੁਚਾਰੂ ਢੰਗ ਨਾਲ ਪਾਸ ਕਰਨ ਨੂੰ ਯਕੀਨੀ ਬਣਾਇਆ।
* ਆਲੋਚਨਾਤਮਕ ਮੈਂਬਰ ("ਬਾਗ਼ੀ"): ਉਨ੍ਹਾਂ ਨੇ ਸ਼੍ਰੀ ਕਾਮਥ, ਡਾ. ਪੀ. ਐਸ. ਦੇਸ਼ਮੁਖ, ਸ਼੍ਰੀ ਸਿਧਵਾ, ਪ੍ਰੋਫੈਸਰ ਕੇ. ਟੀ. ਸ਼ਾਹ ਅਤੇ ਪੰਡਿਤ ਹਿਰਦੇਨਾਥ ਕੁੰਜ਼ਰੂ ਵਰਗੇ ਮੈਂਬਰਾਂ ਦਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਉਹ ਉਨ੍ਹਾਂ ਦੇ ਸੁਝਾਵਾਂ ਨੂੰ ਸਵੀਕਾਰ ਨਹੀਂ ਕਰ ਸਕੇ, ਪਰ ਇਨ੍ਹਾਂ ਮੈਂਬਰਾਂ ਨੇ ਕਾਰਵਾਈ ਨੂੰ ਜੀਵਤ ਕੀਤਾ ਅਤੇ ਉਨ੍ਹਾਂ ਨੂੰ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਦੀ ਵਿਆਖਿਆ ਕਰਨ ਦਾ ਮੌਕਾ ਪ੍ਰਦਾਨ ਕੀਤਾ।
* ਸਦਨ ਦੇ ਸਪੀਕਰ: ਜਿਨ੍ਹਾਂ ਨੇ ਸ਼ਿਸ਼ਟਾਚਾਰ ਅਤੇ ਹਮਦਰਦੀ ਨਾਲ ਕਾਰਵਾਈ ਚਲਾਈ ਅਤੇ "ਸੰਵਿਧਾਨ ਨਿਰਮਾਣ ਦੇ ਕੰਮ ਨੂੰ ਕਾਨੂੰਨੀਵਾਦ ਦੁਆਰਾ ਵਿਘਨ ਨਹੀਂ ਪੈਣ ਦਿੱਤਾ।"

ਸੰਵਿਧਾਨ ਦਾ ਦਰਸ਼ਨ ਅਤੇ ਭਵਿੱਖ

ਭਾਸ਼ਣ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਸੰਵਿਧਾਨ ਦੇ ਲਾਗੂਕਰਨ, ਇਸਦੀ ਬਣਤਰ ਦੀ ਆਲੋਚਨਾ ਅਤੇ ਭਾਰਤ ਦੇ ਭਵਿੱਖ ਲਈ ਚੇਤਾਵਨੀਆਂ ਨਾਲ ਸੰਬੰਧਿਤ ਹੈ।

## ਸੰਵਿਧਾਨ ਨੂੰ ਲਾਗੂਕਰਨ

ਡਾ. ਅੰਬੇਡਕਰ ਨੇ ਸਮਝਾਇਆ ਕਿ ਸੰਵਿਧਾਨ ਦੀ ਸਫਲਤਾ ਅੰਤ ਵਿੱਚ ਉਹਨਾਂ 'ਤੇ ਨਿਰਭਰ ਕਰਦੀ ਹੈ ਜੋ ਇਸਨੂੰ ਲਾਗੂ ਕਰਦੇ ਹਨ:

"ਭਾਵੇਂ ਸੰਵਿਧਾਨ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਇਹ ਲਾਜ਼ਮੀ ਤੌਰ 'ਤੇ ਮਾੜਾ ਹੋਵੇਗਾ ਕਿਉਂਕਿ ਜਿਨ੍ਹਾਂ ਨੂੰ ਇਸਨੂੰ ਲਾਗੂ ਕਰਨ ਲਈ ਕਿਹਾ ਜਾਂਦਾ ਹੈ ਉਹ ਬੁਰੇ ਲੋਕ ਹਨ। ਸੰਵਿਧਾਨ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਇਹ ਚੰਗਾ ਵੀ ਹੋ ਸਕਦਾ ਹੈ ਜੇਕਰ ਜਿਨ੍ਹਾਂ ਨੂੰ ਇਸਨੂੰ ਲਾਗੂ ਕਰਨ ਲਈ ਕਿਹਾ ਜਾਂਦਾ ਹੈ ਉਹ ਚੰਗੇ ਲੋਕ ਹੋਣ।"

ਉਨ੍ਹਾਂ ਕਿਹਾ ਕਿ ਸੰਵਿਧਾਨ ਦਾ ਕੰਮ ਰਾਜ ਦੇ ਅੰਗਾਂ (ਵਿਧਾਨ ਸਭਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ) ਲਈ ਪ੍ਰਬੰਧ ਕਰਨਾ ਹੈ, ਪਰ ਇਹਨਾਂ ਅੰਗਾਂ ਦਾ ਕੰਮਕਾਜ ਲੋਕਾਂ ਅਤੇ ਉਨ੍ਹਾਂ ਦੀਆਂ ਰਾਜਨੀਤਿਕ ਪਾਰਟੀਆਂ 'ਤੇ ਨਿਰਭਰ ਕਰਦਾ ਹੈ।

## ਮੁੱਖ ਆਲੋਚਨਾਵਾਂ ਅਤੇ ਜਵਾਬ

1. ਕਮਿਊਨਿਸਟ ਅਤੇ ਸਮਾਜਵਾਦੀ ਪਾਰਟੀਆਂ ਦੀ ਆਲੋਚਨਾ:

* ਕਮਿਊਨਿਸਟ ਪਾਰਟੀ: ਉਹ ਪ੍ਰੋਲੇਤਾਰੀ ਦੀ ਤਾਨਾਸ਼ਾਹੀ 'ਤੇ ਅਧਾਰਤ ਸੰਵਿਧਾਨ ਚਾਹੁੰਦੇ ਸਨ ਅਤੇ ਸੰਸਦੀ ਲੋਕਤੰਤਰ ਦਾ ਵਿਰੋਧ ਕਰਦੇ ਸਨ।
* ਸਮਾਜਵਾਦੀ ਪਾਰਟੀ: ਉਹ ਚਾਹੁੰਦੇ ਸਨ ਕਿ ਸੰਵਿਧਾਨ ਬਿਨਾਂ ਮੁਆਵਜ਼ੇ ਦੇ ਨਿੱਜੀ ਜਾਇਦਾਦ ਦੇ ਰਾਸ਼ਟਰੀਕਰਨ ਦੀ ਆਗਿਆ ਦੇਵੇ ਅਤੇ ਮੌਲਿਕ ਅਧਿਕਾਰ ਬਿਨਾਂ ਕਿਸੇ ਸੀਮਾ ਦੇ ਸੰਪੂਰਨ ਹੋਣੇ ਚਾਹੀਦੇ ਹਨ।

2. ਸੋਧ ਪ੍ਰਕਿਰਿਆ: ਡਾ. ਅੰਬੇਡਕਰ ਨੇ ਇਸ ਧਾਰਨਾ ਨੂੰ ਰੱਦ ਕਰ ਦਿੱਤਾ ਕਿ ਸੰਵਿਧਾਨ ਨੂੰ ਬਦਲਿਆ ਨਹੀਂ ਜਾ ਸਕਦਾ। ਅਮਰੀਕੀ ਰਾਜਨੇਤਾ ਜੈਫਰਸਨ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇੱਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਨੂੰ ਬੰਨ੍ਹਣ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਦਲੀਲ ਦਿੱਤੀ ਕਿ ਭਾਰਤੀ ਸੰਵਿਧਾਨ ਵਿੱਚ ਸੋਧ ਦੀ ਪ੍ਰਕਿਰਿਆ ਦੁਨੀਆ ਵਿੱਚ ਸਭ ਤੋਂ ਸਰਲ ਹੈ। ਜੇਕਰ ਕੋਈ ਸਮੂਹ ਬਾਲਗ ਵੋਟ ਅਧਿਕਾਰ ਦੇ ਆਧਾਰ 'ਤੇ ਸੰਸਦ ਵਿੱਚ ਦੋ-ਤਿਹਾਈ ਬਹੁਮਤ ਵੀ ਪ੍ਰਾਪਤ ਨਹੀਂ ਕਰ ਸਕਦਾ, ਤਾਂ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਅਸਹਿਮਤੀ ਨੂੰ ਜਨਤਕ ਸਮਰਥਨ ਦੀ ਘਾਟ ਹੈ।

## 3. ਕੇਂਦਰੀਕਰਨ ਦੇ ਦੋਸ਼:

* ਪਹਿਲਾ ਦੋਸ਼ (ਬਹੁਤ ਜ਼ਿਆਦਾ ਕੇਂਦਰੀਕਰਨ): ਉਨ੍ਹਾਂ ਨੇ ਇਸ ਦੋਸ਼ ਦਾ ਖੰਡਨ ਕੀਤਾ ਕਿ ਰਾਜਾਂ ਨੂੰ ਨਗਰਪਾਲਿਕਾਵਾਂ ਦੇ ਪੱਧਰ ਤੱਕ ਘਟਾ ਦਿੱਤਾ ਗਿਆ ਹੈ। ਉਨ੍ਹਾਂ ਨੇ ਸੰਘਵਾਦ ਦੇ ਬੁਨਿਆਦੀ ਸਿਧਾਂਤ ਦੀ ਵਿਆਖਿਆ ਕੀਤੀ: ਕਿ ਸ਼ਕਤੀਆਂ ਦੀ ਵੰਡ ਸੰਵਿਧਾਨ ਦੁਆਰਾ ਖੁਦ ਸਥਾਪਿਤ ਕੀਤੀ ਜਾਂਦੀ ਹੈ, ਕੇਂਦਰ ਸਰਕਾਰ ਦੁਆਰਾ ਨਹੀਂ। ਕੇਂਦਰ ਅਤੇ ਰਾਜ ਆਪਣੇ-ਆਪਣੇ ਖੇਤਰਾਂ ਵਿੱਚ ਬਰਾਬਰ ਹਨ, ਅਤੇ ਕੇਂਦਰ ਆਪਣੀ ਮਰਜ਼ੀ ਨਾਲ ਇਸ ਵੰਡ ਨੂੰ ਨਹੀਂ ਬਦਲ ਸਕਦਾ।
* ਦੂਜਾ ਦੋਸ਼ (ਕੇਂਦਰ ਦੀਆਂ ਸ਼ਕਤੀਆਂ ਨੂੰ ਓਵਰਰਾਈਡ ਕਰਨਾ): ਉਨ੍ਹਾਂ ਨੇ ਸਵੀਕਾਰ ਕੀਤਾ ਕਿ ਕੇਂਦਰ ਨੂੰ ਰਾਜਾਂ ਨੂੰ ਓਵਰਰਾਈਡ ਕਰਨ ਦੀ ਸ਼ਕਤੀ ਦਿੱਤੀ ਗਈ ਹੈ, ਪਰ ਉਨ੍ਹਾਂ ਸਪੱਸ਼ਟ ਕੀਤਾ ਕਿ:
* ਇਹ ਸ਼ਕਤੀਆਂ ਸਿਰਫ਼ ਐਮਰਜੈਂਸੀ ਤੱਕ ਸੀਮਿਤ ਹਨ।
* ਸੰਕਟ ਦੇ ਸਮੇਂ, ਨਾਗਰਿਕ ਦੀ "ਬਚਾਈ ਹੋਈ ਵਫ਼ਾਦਾਰੀ" ਕੇਂਦਰ ਪ੍ਰਤੀ ਹੋਣੀ ਚਾਹੀਦੀ ਹੈ, ਕਿਉਂਕਿ ਸਿਰਫ਼ ਕੇਂਦਰ ਹੀ ਪੂਰੇ ਦੇਸ਼ ਦੇ ਸਾਂਝੇ ਹਿੱਤਾਂ ਲਈ ਕੰਮ ਕਰ ਸਕਦਾ ਹੈ।

## ਭਾਰਤ ਦੇ ਭਵਿੱਖ ਲਈ ਚੇਤਾਵਨੀਆਂ

ਡਾ. ਅੰਬੇਡਕਰ ਨੇ ਭਾਰਤ ਦੇ ਭਵਿੱਖ ਬਾਰੇ ਆਪਣੀਆਂ ਡੂੰਘੀਆਂ ਚਿੰਤਾਵਾਂ ਪ੍ਰਗਟ ਕੀਤੀਆਂ, ਜੋ ਕਿ ਉਨ੍ਹਾਂ ਦੇ ਭਾਸ਼ਣ ਦਾ ਸਭ ਤੋਂ ਭਾਵੁਕ ਅਤੇ ਦੂਰਦਰਸ਼ੀ ਹਿੱਸਾ ਹੈ।

## 1. ਆਜ਼ਾਦੀ ਬਣਾਈ ਰੱਖਣ ਦੀ ਚੁਣੌਤੀ

"ਮੈਨੂੰ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਭਾਰਤ ਨੇ ਨਾ ਸਿਰਫ਼ ਇੱਕ ਵਾਰ ਪਹਿਲਾਂ ਆਪਣੀ ਆਜ਼ਾਦੀ ਗੁਆ ਦਿੱਤੀ ਹੈ, ਸਗੋਂ ਆਪਣੇ ਹੀ ਕੁਝ ਲੋਕਾਂ ਦੀ ਬੇਵਫ਼ਾਈ ਅਤੇ ਵਿਸ਼ਵਾਸਘਾਤ ਕਾਰਨ ਇਸਨੂੰ ਗੁਆ ਦਿੱਤਾ ਹੈ।"

ਉਨ੍ਹਾਂ ਇਤਿਹਾਸਕ ਉਦਾਹਰਣਾਂ ਦਿੱਤੀਆਂ:

* ਸਿੰਧ ਦੇ ਹਮਲੇ ਦੌਰਾਨ ਰਾਜਾ ਦਾਹਰ ਦੇ ਕਮਾਂਡਰਾਂ ਦਾ ਵਿਸ਼ਵਾਸਘਾਤ।
* ਮੁਹੰਮਦ ਗੌਰੀ ਨੂੰ ਜੈਚੰਦ ਦਾ ਸੱਦਾ।
* ਮਰਾਠਾ ਸਰਦਾਰ ਅਤੇ ਰਾਜਪੂਤ ਰਾਜੇ ਜੋ ਸ਼ਿਵਾਜੀ ਵਿਰੁੱਧ ਲੜੇ।
* ਗੁਲਾਬ ਸਿੰਘ ਜਿਸਨੇ ਅੰਗਰੇਜ਼ਾਂ ਵਿਰੁੱਧ ਸਿੱਖ ਸਾਮਰਾਜ ਦੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ।

ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਰਾਜਨੀਤਿਕ ਪਾਰਟੀਆਂ "ਧਰਮ ਨੂੰ ਦੇਸ਼ ਤੋਂ ਉੱਪਰ ਰੱਖਦੀਆਂ ਹਨ, ਤਾਂ ਸਾਡੀ ਆਜ਼ਾਦੀ ਦੂਜੀ ਵਾਰ ਖ਼ਤਰੇ ਵਿੱਚ ਪੈ ਜਾਵੇਗੀ ਅਤੇ ਸ਼ਾਇਦ ਹਮੇਸ਼ਾ ਲਈ ਗੁਆਚ ਜਾਵੇਗੀ।"

## 2. ਲੋਕਤੰਤਰ ਦੀ ਰੱਖਿਆ

ਉਨ੍ਹਾਂ ਇਸ ਬਾਰੇ ਚਿੰਤਾ ਪ੍ਰਗਟ ਕੀਤੀ ਕਿ ਕੀ ਭਾਰਤ ਆਪਣੇ ਲੋਕਤੰਤਰੀ ਸੰਵਿਧਾਨ ਨੂੰ ਬਣਾਈ ਰੱਖਣ ਦੇ ਯੋਗ ਹੋਵੇਗਾ। ਲੋਕਤੰਤਰ ਨੂੰ ਸੱਚਮੁੱਚ ਕਾਇਮ ਰੱਖਣ ਲਈ, ਉਸਨੇ ਤਿੰਨ ਜ਼ਰੂਰੀ ਸ਼ਰਤਾਂ ਦੱਸੀਆਂ:

1. ਸੰਵਿਧਾਨਕ ਤਰੀਕਿਆਂ ਦੀ ਪਾਲਣਾ: ਸਮਾਜਿਕ ਅਤੇ ਆਰਥਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ "ਅਰਾਜਕਤਾ ਦਾ ਵਿਆਕਰਣ" ਜਿਵੇਂ ਕਿ ਇਨਕਲਾਬ, ਸਿਵਲ ਨਾਫ਼ਰਮਾਨੀ, ਅਸਹਿਯੋਗ ਅਤੇ ਸੱਤਿਆਗ੍ਰਹਿ ਨੂੰ ਛੱਡਣਾ ਚਾਹੀਦਾ ਹੈ।

2. ਨਾਇਕ-ਪੂਜਾ ਤੋਂ ਬਚਣਾ: ਉਸਨੇ ਜੌਨ ਸਟੂਅਰਟ ਮਿੱਲ ਦਾ ਹਵਾਲਾ ਦਿੱਤਾ, "ਆਪਣੀ ਆਜ਼ਾਦੀ ਨੂੰ ਕਿਸੇ ਮਹਾਨ ਆਦਮੀ ਦੇ ਪੈਰਾਂ 'ਤੇ ਨਾ ਰੱਖੋ।" ਉਸਨੇ ਚੇਤਾਵਨੀ ਦਿੱਤੀ ਕਿ "ਰਾਜਨੀਤੀ ਵਿੱਚ ਸ਼ਰਧਾ ਜਾਂ ਨਾਇਕ-ਪੂਜਾ ਪਤਨ ਅਤੇ ਅੰਤ ਵਿੱਚ ਤਾਨਾਸ਼ਾਹੀ ਵੱਲ ਲੈ ਜਾਣ ਵਾਲਾ ਇੱਕ ਪੱਕਾ ਰਸਤਾ ਹੈ।"

3. ਸਮਾਜਿਕ ਲੋਕਤੰਤਰ ਦੀ ਸਥਾਪਨਾ: ਰਾਜਨੀਤਿਕ ਲੋਕਤੰਤਰ ਉਦੋਂ ਤੱਕ ਟਿਕਾਊ ਨਹੀਂ ਹੋ ਸਕਦਾ ਜਦੋਂ ਤੱਕ ਸਮਾਜਿਕ ਲੋਕਤੰਤਰ ਇਸਦੇ ਮੂਲ ਵਿੱਚ ਨਾ ਹੋਵੇ।

## 3. ਸਮਾਜਿਕ ਲੋਕਤੰਤਰ ਦੇ ਜ਼ਰੂਰੀ ਤੱਤ: ਤ੍ਰਿਏਕ ਦਾ ਸਿਧਾਂਤ

ਸਮਾਜਿਕ ਲੋਕਤੰਤਰ ਦਾ ਅਰਥ ਹੈ ਜੀਵਨ ਦਾ ਇੱਕ ਅਜਿਹਾ ਤਰੀਕਾ ਜੋ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਨੂੰ ਜੀਵਨ ਦੇ ਸਿਧਾਂਤਾਂ ਵਜੋਂ ਮਾਨਤਾ ਦਿੰਦਾ ਹੈ।

ਅਵਿਭਾਜਨਤਾ: ਇਹ ਤਿੰਨ ਸਿਧਾਂਤ "ਤ੍ਰਿਏਕ ਦਾ ਮੇਲ" ਬਣਾਉਂਦੇ ਹਨ; ਇੱਕ ਨੂੰ ਦੂਜੇ ਤੋਂ ਵੱਖ ਕਰਨਾ ਲੋਕਤੰਤਰ ਦੇ ਉਦੇਸ਼ ਨੂੰ ਹਰਾਉਣਾ ਹੈ।

ਸਮਾਨਤਾ ਤੋਂ ਬਿਨਾਂ, ਆਜ਼ਾਦੀ ਕੁਝ ਲੋਕਾਂ ਦੀ ਸਰਵਉੱਚਤਾ ਪੈਦਾ ਕਰੇਗੀ।

* ਆਜ਼ਾਦੀ ਤੋਂ ਬਿਨਾਂ, ਸਮਾਨਤਾ ਵਿਅਕਤੀਗਤ ਪਹਿਲਕਦਮੀ ਨੂੰ ਖਤਮ ਕਰ ਦੇਵੇਗੀ।
* ਭਾਈਚਾਰੇ ਤੋਂ ਬਿਨਾਂ, ਆਜ਼ਾਦੀ ਅਤੇ ਸਮਾਨਤਾ ਨੂੰ ਲਾਗੂ ਕਰਨ ਲਈ ਇੱਕ ਬਾਹਰੀ ਤਾਕਤ (ਸਿਪਾਹੀ) ਦੀ ਲੋੜ ਹੋਵੇਗੀ।

## 4. ਵਿਰੋਧਾਭਾਸਾਂ ਦੀ ਜ਼ਿੰਦਗੀ

"26 ਜਨਵਰੀ, 1950 ਨੂੰ, ਅਸੀਂ ਵਿਰੋਧਾਭਾਸਾਂ ਨਾਲ ਭਰੇ ਜੀਵਨ ਵਿੱਚ ਪ੍ਰਵੇਸ਼ ਕਰਨ ਵਾਲੇ ਹਾਂ। ਸਾਨੂੰ ਰਾਜਨੀਤੀ ਵਿੱਚ ਸਮਾਨਤਾ ਅਤੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਅਸਮਾਨਤਾ ਮਿਲੇਗੀ... ਸਾਨੂੰ ਇਸ ਵਿਰੋਧਾਭਾਸ ਨੂੰ ਜਿੰਨੀ ਜਲਦੀ ਹੋ ਸਕੇ ਹੱਲ ਕਰਨਾ ਚਾਹੀਦਾ ਹੈ, ਨਹੀਂ ਤਾਂ ਅਸਮਾਨਤਾ ਤੋਂ ਪੀੜਤ ਲੋਕ ਰਾਜਨੀਤਿਕ ਲੋਕਤੰਤਰ ਦੇ ਉਸ ਢਾਂਚੇ ਨੂੰ ਤਬਾਹ ਕਰ ਦੇਣਗੇ ਜਿਸਨੂੰ ਇਸ ਅਸੈਂਬਲੀ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ।"

## 5. ਭਾਈਚਾਰਾ ਅਤੇ ਰਾਸ਼ਟਰ-ਨਿਰਮਾਣ ਦੀ ਚੁਣੌਤੀ

"ਹਜ਼ਾਰਾਂ ਜਾਤਾਂ ਵਿੱਚ ਵੰਡੇ ਲੋਕ ਇੱਕ ਰਾਸ਼ਟਰ ਕਿਵੇਂ ਹੋ ਸਕਦੇ ਹਨ? ...ਇਹ ਜਾਤਾਂ ਰਾਸ਼ਟਰ-ਵਿਰੋਧੀ ਹਨ। ਪਹਿਲਾਂ, ਕਿਉਂਕਿ ਉਹ ਸਮਾਜਿਕ ਜੀਵਨ ਵਿੱਚ ਵੰਡ ਪੈਦਾ ਕਰਦੀਆਂ ਹਨ। ਉਹ ਰਾਸ਼ਟਰ-ਵਿਰੋਧੀ ਵੀ ਹਨ ਕਿਉਂਕਿ ਉਹ ਜਾਤਾਂ ਵਿਚਕਾਰ ਈਰਖਾ ਅਤੇ ਨਫ਼ਰਤ ਪੈਦਾ ਕਰਦੀਆਂ ਹਨ।"

ਉਸਨੇ ਦਲੀਲ ਦਿੱਤੀ ਕਿ ਭਾਰਤ ਅਜੇ ਇੱਕ ਰਾਸ਼ਟਰ ਨਹੀਂ ਸੀ ਅਤੇ ਜਾਤ-ਪ੍ਰਥਾ ਵਰਗੀਆਂ ਰੁਕਾਵਟਾਂ ਨੂੰ ਇੱਕ ਬਣਨ ਲਈ ਦੂਰ ਕਰਨਾ ਪਿਆ, ਕਿਉਂਕਿ ਭਾਈਚਾਰਾ ਤਾਂ ਹੀ ਇੱਕ ਹਕੀਕਤ ਹੋ ਸਕਦਾ ਹੈ ਜੇਕਰ ਇੱਕ ਹੋਵੇ।

## ਸਿੱਟਾ ਅਤੇ ਅੰਤਿਮ ਸੱਦਾ

ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਦਾ ਅੰਤ ਦੱਬੇ-ਕੁਚਲੇ ਵਰਗਾਂ ਦੀਆਂ ਇੱਛਾਵਾਂ ਨੂੰ ਸਵੀਕਾਰ ਕਰਦੇ ਹੋਏ ਕੀਤਾ, ਜੋ ਹੁਣ "ਆਪਣੇ ਆਪ 'ਤੇ ਰਾਜ ਕਰਨ ਲਈ ਬੇਸਬਰੇ ਸਨ।" ਉਨ੍ਹਾਂ ਚੇਤਾਵਨੀ ਦਿੱਤੀ ਕਿ ਉਨ੍ਹਾਂ ਦੀਆਂ ਇੱਛਾਵਾਂ ਨੂੰ ਵਰਗ ਟਕਰਾਅ ਵਿੱਚ ਨਹੀਂ ਬਦਲਣਾ ਚਾਹੀਦਾ ਅਤੇ ਉਨ੍ਹਾਂ ਦੀ ਪੂਰਤੀ ਲਈ ਸਮਾਨਤਾ ਅਤੇ ਭਾਈਚਾਰੇ ਦੀ ਸਥਾਪਨਾ ਜ਼ਰੂਰੀ ਹੈ।

ਉਨ੍ਹਾਂ ਨੇ ਆਜ਼ਾਦੀ ਨਾਲ ਆਈਆਂ ਜ਼ਿੰਮੇਵਾਰੀਆਂ ਨੂੰ ਸਮਝਣ ਲਈ ਅੰਤਿਮ ਅਪੀਲ ਕੀਤੀ। ਅੰਗਰੇਜ਼ਾਂ ਨੂੰ ਹੁਣ ਕਿਸੇ ਵੀ ਗਲਤੀ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਨੇ ਇਸ ਖ਼ਤਰੇ ਬਾਰੇ ਚੇਤਾਵਨੀ ਦਿੱਤੀ ਕਿ ਲੋਕ "ਲੋਕਾਂ ਦੁਆਰਾ ਸਰਕਾਰ" ਤੋਂ ਥੱਕ ਸਕਦੇ ਹਨ ਅਤੇ "ਲੋਕਾਂ ਲਈ ਸਰਕਾਰ" ਨੂੰ ਸਵੀਕਾਰ ਕਰ ਸਕਦੇ ਹਨ, ਭਾਵੇਂ ਲੋਕਤੰਤਰੀ ਹੋਵੇ ਜਾਂ ਨਾ। ਉਨ੍ਹਾਂ ਨੇ ਰਾਸ਼ਟਰ ਨੂੰ ਉਨ੍ਹਾਂ ਬੁਰਾਈਆਂ ਨੂੰ ਪਛਾਣਨ ਦੀ ਅਪੀਲ ਕੀਤੀ ਜੋ ਲੋਕਤੰਤਰ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਨਿਰੰਤਰ ਯਤਨ ਕਰਨ ਦਾ ਸੰਕਲਪ ਲੈਣ।

# ਜੋ ਸੇਕ ਬੁੱਧ ਧਮ ਵਿੱਚ ਹੋ ਚੁੱਕੇ ਸਨ ਉਸ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਭਰਨੇ ਦੀ ਕੋਸ਼ਿਸ਼ ਕੀਤੀ ਹੈ -- ਇੰਜ ਵਿਸ਼ਾਲ ਖੈਰਾ

"Equality and justice"
Patiala 24 November
INTERNATIONAL PAPER, 9463601616
hardipchumber57@gmail.com




ਜਲੰਧਰ (ਚਰਨਜੀਤ ਸੱਲ੍ਹਾਂ )ਸਾਥੀਓ, ਮੈਂ ਆਪਣੇ ਅਮਰਜੀਤ ਬੰਗੜ ਵੱਲੋਂ ਲਿਖੀ ਗਈ ਮੇਰੀ ਜ਼ਿੰਦਗੀ ਦੀ ਪਹਿਲੀ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਨੂੰ ਕੁਝ ਦਿਨਾਂ ਤੱਕ,ਰਲੀਜ਼ ਕਰਨ ਉਪਰੰਤ ਆਪਜੀ ਨੂੰ ਭੇਟ ਕਰਨ ਜਾ ਰਿਹਾਂ ਹਾਂ, ਜੋ ਕਿ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਦੁਆਰਾ ਲਿਖੇ ਗਏ ਦੁਨੀਆ ਦੇ ਮਹਾਨ ਸ਼੍ਰੇਸ਼ਟ ਗ੍ਰੰਥ "ਬੁੱਧ ਅਤੇ ਉਨਾਂ ਦਾ ਧੰਮ" ਦੇ (ਪੰਜਾਬੀ ਅਨੁਵਾਦਾਂ) ਨਾਲ ਸੰਬੰਧਿਤ ਹੈ, ਜਿਸ ਵਿੱਚ ਬੁੱਧ ਅਤੇ ਉਨਾਂ ਦਾ ਧੰਮ" ਗ੍ਰੰਥ ਚੋਂ ਲਏ ਗਏ ਚੁਣਵੇਂ ਵਿਸ਼ੇ ਕੁਦਰਤ ਵਿਨੈ ,ਵਿਗਿਆਨ ਅਤੇ ਤਰਕਵਾਦੀ ਦ੍ਰਿਸ਼ਟੀਕੋਣ ਵਾਲੇ ਵਿਸ਼ਿਆਂ ਨੂੰ ਚੁਣ ਕੇ ਆਪ ਜੀ ਅੱਗੇ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਸਮੇਂ ਮੁਤਾਬਕ ਬੁੱਧ ਧੰਮ ਵਿੱਚ ਜੋ ਛੇਕ ਹੋ ਚੁੱਕੇ ਸਨ, ਉਨ੍ਹਾਂ ਛੇਕਾਂ ਨੂੰ ਬਾਬਾ ਸਾਹਿਬ ਦੇ ਵਿਗਿਆਨਕ ਦ੍ਰਿਸ਼ਟੀਕੋਣ ਮੁਤਾਬਕ ਭਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਤੋਂ ਇਲਾਵਾ ਧੰਮ ਦੀ ਜ਼ਰੂਰਤ, ਧੰਮ ਇਤਿਹਾਸ, ਕਰਮ, ਗਿਆਨ, ਸ਼ੀਲ, ਨੈਤਿਕਤਾ ਬਾਰੇ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਹੈ। ਉਮੀਦ ਹੈ ਬੁੱਧ ਧੰਮ ਪ੍ਰੇਮੀਆਂ ਨੂੰ ਵਿਗਿਆਨ,ਤਰਕ ਨਾਲ ਭਰਪੂਰ ਇਹ ਕਿਤਾਬ ਜ਼ਰੂਰ ਪਸੰਦ ਆਵੇਗੀ ਅਤੇ ਆਪਣੇ ਵਿਚਾਰ ਮੈਨੂੰ ਜ਼ਰੂਰ ਭੇਜਣਗੇ,ਜਿਸ ਨਾਲ ਇਸ ਕਿਤਾਬ ਨੂੰ ਮੈਂ ਹੋਰ ਲਾਭਕਾਰੀ ਬਣਾ ਸਕਾਂ। ਇਸ ਪੋਸਟ ਨੂੰ ਸ਼ੇਅਰ ਕਰਕੇ ਮੇਰੀ ਹੌਂਸਲਾ ਅਫ਼ਜ਼ਾਈ ਕਰਨ ਲਈ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹੋਵਾਂਗਾ। ਲੇਖਕ:- ਇੰਜ:ਵਿਸ਼ਾਲ ਖੈਰਾ- ਵਾਸਤਵਿਕ ਕਲਮ ਤੋਂ।

ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ ਫੋਨ ਨੰਬਰ: 99158-53404, 7707925975

# ਵੱਡਾ ਜੱਸਾ ਬਾਹੜੋਵਾਲ ਨੇ ਜਿੱਤੀ ਪਟਕੇ ਦੀ ਕੁਸ਼ਤੀ

## ਪਿੰਡ ਭਰੋਮਜਾਰਾ ਵਿਖੇ ਕਰਵਾਇਆ 19 ਵਾਂ ਛਿੰਝ ਮੇਲਾ

"Equality and justice"
Patiala 24 November
INTERNATIONAL PAPER, 9463601616
hardipchumber57@gmail.com



ਬੰਗਾ (ਚਰਨਜੀਤ ਸੱਲ੍ਹਾਂ):- ਸ੍ਰੀ ਨਾਭ ਕੰਵਲ ਰਾਜਾ ਸਾਹਿਬ ਬਿਰਧ ਆਸ਼ਰਮ ਫੱਤੂਆਣਾ ਪਿੰਡ ਭਰੋਮਜਾਰਾ ਵਿਖੇ ਪ੍ਰਬੰਧਕ ਕਮੇਟੀ, ਸਮੂਹ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 19 ਵਾਂ "ਛਿੰਝ ਮੇਲਾ" ਕਰਵਾਇਆ ਗਿਆ। ਬਿਰਧ ਆਸ਼ਰਮ ਫੱਤੂਆਣਾ ਦੇ ਮੁੱਖ ਸੇਵਾਦਾਰ ਬਾਬਾ ਬਲਵੰਤ ਸਿੰਘ, ਰਾਮ ਸਿੰਘ ਸਾਬਕਾ ਸਰਪੰਚ, ਕਮੇਟੀ ਪ੍ਰਧਾਨ ਦਰਵਜੀਤ ਸਿੰਘ ਪੁੰਨੀ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਦੀ ਯੋਗ ਅਗਵਾਈ ਵਿੱਚ ਕਰਵਾਏ ਗਏ ਇਸ ਛਿੰਝ ਮੇਲੇ ਵਿੱਚ ਵੱਖ ਵੱਖ ਅਖਾੜਿਆਂ ਦੇ ਪਹਿਲਵਾਨਾਂ ਨੇ ਭਾਗ ਲਿਆ। ਇਸ ਛਿੰਝ ਮੇਲੇ ਵਿੱਚ ਇਸ ਵਾਰ 2 ਪਟਕੇ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਪਟਕੇ ਦੀ ਮੁੱਖ ਕੁਸ਼ਤੀ ਪਹਿਲਵਾਨ ਵੱਡਾ ਜੱਸਾ ਬਾਹੜੋਵਾਲ ਅਤੇ ਗੁਰਨਾਮ ਬਾਬਾ ਫਲਾਹੀ ਫਗਵਾੜਾ ਵਿੱਚਕਾਰ ਕਰਵਾਈ ਗਈ। ਇਸ ਫਸਵੇਂ ਮੁਕਾਬਲੇ ਵਿੱਚ ਵੱਡਾ ਜੱਸਾ ਬਾਹੜੋਵਾਲ ਨੇ ਆਪਣੇ ਵਿਰੋਧੀ ਨੂੰ ਚਿੱਤ ਕਰਕੇ ਪਟਕੇ ਦੀ ਇੱਕ ਨੰਬਰ ਕੁਸ਼ਤੀ ਤੇ ਆਪਣਾ ਕਬਜ਼ਾ ਕੀਤਾ। ਦੂਜੇ ਨੰਬਰ ਪਟਕੇ ਦੀ ਕੁਸ਼ਤੀ ਪ੍ਰਦੀਪ ਧੰਨੋਤਾ ਪਟਿਆਲਾ ਅਤੇ ਜੇਧਾ ਲੱਲੀਆਂ ਵਿਚਕਾਰ ਕਰਵਾਈ ਗਈ । ਜਿਸ ਵਿੱਚ ਜੇਧਾ ਲੱਲੀਆਂ ਨੇ ਆਪਣੇ ਵਿਰੋਧੀ ਨੂੰ ਢਾਹ ਕੇ ਜਿੱਤ ਦਰਜ ਕੀਤੀ। ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀ ਸੱਜਣਾ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਬਾਬਾ ਬਲਵੰਤ ਸਿੰਘ, ਪ੍ਰਧਾਨ ਦਰਵਜੀਤ ਸਿੰਘ ਪੁੰਨੀ, ਸਾਬਕਾ ਸਰਪੰਚ ਰਾਮ ਸਿੰਘ, ਸਰਪੰਚ ਸੁਰਿੰਦਰ ਪਾਲ ਸੁੰਡਾ, ਜਗਤਾਰ ਸਿੰਘ ਸੁੰਡਾ, ਰਾਮ ਲੁਭਾਇਆ, ਮਾਸਟਰ ਭੁਪਿੰਦਰ ਸਿੰਘ, ਫਤਿਹ ਸਿੰਘ, ਅਵਤਾਰ ਚੰਦ ਸਾਬਕਾ ਪੰਚ, ਪੰਚ ਅਨਿਲ ਕੁਮਾਰ, ਪੰਚ ਦਲਵੀਰ ਸਿੰਘ, ਸੁਰਿੰਦਰ ਸਿੰਘ, ਗਿਆਨ ਸਿੰਘ, ਤੀਰਥ ਸਿੰਘ, ਗੁਰਦਿਆਲ ਸਿੰਘ ਅਤੇ ਸ਼ਲਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਫਿਲਮ ਅਦਾਕਾਰ ਧਰਮਿੰਦਰ 89 ਸਾਲ ਦੀ ਉਮਰ ਚ ਲੋਕਾਂ ਨੂੰ ਕਹਿ ਗਏ ਅਲਵਿਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com







ਫਗਵਾੜਾ (ਸ਼ਿਵ ਕੋੜਾ) ਫਿਲਮ ਅਦਾਕਾਰ ਧਰਮਿੰਦਰ 89 ਸਾਲ ਦੀ ਉਮਰ ਚ ਲੋਕਾਂ ਨੂੰ ਕਹਿ ਗਏ ਅਲਵਿਦਾ ਯਾਦ ਰਹੇ ਧਰਮਿੰਦਰ, ਪ੍ਰਸਿੱਧ ਭਾਰਤੀ ਅਦਾਕਾਰ, ਨਿਰਮਾਤਾ, ਅਤੇ ਸਾਬਕਾ ਸਿਆਸਤਦਾਨ, ਜਿਨ੍ਹਾਂ ਨੂੰ ਬਾਲੀਵੁੱਡ ਦੇ "ਹੀ-ਮੈਨ" ਵਜੋਂ ਵਿਆਪਕ ਤੌਰ 'ਤੇ ਜਾਣਿਆ ਜਾਂਦਾ ਹੈ, ਦਾ 24 ਨਵੰਬਰ, 2025 ਨੂੰ 89 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਸਭ ਤੋਂ ਸਫਲ ਅਤੇ ਬਹੁਪੱਖੀ ਸਿਤਾਰਿਆਂ ਵਿੱਚੋਂ ਇੱਕ ਸੀ, ਜਿਸਦਾ ਕਰੀਅਰ ਛੇ ਦਹਾਕਿਆਂ ਤੋਂ ਵੱਧ ਅਤੇ 300 ਤੋਂ ਵੱਧ ਫਿਲਮਾਂ ਵਿੱਚ ਫੈਲਿਆ ਹੋਇਆ ਸੀ ਫਗਵਾੜਾ ਵਿੱਚ ਉਹਨਾਂ ਦੇ ਜਿਹੜੇ ਪ੍ਰੇਮੀ ਉਹਨਾਂ ਨੂੰ ਕੁਝ ਦਿਨ ਪਹਿਲੋਂ ਉਹਨਾਂ ਦੀ ਸਿਹਤ ਦੀ ਕਾਮਨਾ ਕਰਦੇ ਸਨ ਅੱਜ ਉਹ ਨਮ ਅੱਖਾਂ ਨਾਲ ਇਹ ਖਬਰ ਸੁਣਨ ਨੂੰ ਮਜਬੂਰ ਹੋ ਗਏ ਹਨ ਫਗਵਾੜਾ ਦੇ ਸੀਨੀਅਰ ਐਡਵੋਕੇਟ ਸ਼ਿਵ ਨਰਾਇਣ ਚੇਪੜਾ ਨੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਧਰਮਿੰਦਰ ਸਾਡੇ ਨਾਲ ਸਕੂਲ ਵਿੱਚ ਪੜ੍ਹਦਾ ਸੀ ਅਤੇ ਮੈਨੂੰ ਪਿਆਰ ਨਾਲ ਸ਼ਿਬੂ ਕਹਿੰਦਾ ਸੀ ਧਰਮਿੰਦਰ ਨਾਲ ਫਗਵਾੜਾ ਦੀਆਂ ਯਾਦਾਂ ਵਿੱਚ ਸੀਨੀਅਰ ਪੱਤਰਕਾਰ ਸਵਰਗੀ ਸ੍ਰੀ ਮਨੋਹਰ ਲਾਲ ਕੋੜਾ,ਫਗਵਾੜਾ ਦੇ ਸੀਨੀਅਰ ਐਡਵੋਕੇਟ ਸ਼ਿਵ ਨਰਾਇਣ ਚੋਪੜਾ,ਪੱਤਰਕਾਰ ਸ਼ਿਵ ਕੋੜਾ ਦੇ ਬੇਟੇ ਸਾਹਿਲ ਕੋੜਾ ਰਾਘਵ ਕੋੜਾ ਉਹਨਾਂ ਦੇ ਨਾਲ ਨਜ਼ਰ ਆਉਂਦੇ ਹਨ ਧਰਮਿੰਦਰ ਦੇ ਪ੍ਰੇਮੀਆਂ ਨੇ ਕਿਹਾ ਕਿ ਚਾਹੇ ਧਰਮਿੰਦਰ ਸਾਡੇ ਵਿੱਚ ਨਹੀਂ ਹਨ ਲੇਕਿਨ ਉਹਨਾਂ ਦੀਆਂ ਯਾਦਾਂ ਰਹਿੰਦੀ ਦੁਨੀਆਂ ਤੱਕ ਸਾਡੇ ਨਾਲ ਰਹਿਣਗੀਆਂ

# ਹਫਤੇ 'ਚ ਰਾਜਾ ਵੜਿੰਗ ਦੀ ਗਿਰਫਤਾਰੀ ਨਾ ਹੋਈ ਤਾਂ ਕਰਾਂਗੇ ਤਿੱਖਾ ਸੰਘਰਸ਼ : ਰੰਘਰੇਟਾ ਦੱਲ

## *ਜੋਗਿੰਦਰ ਮਾਨ ਦੀ ਪ੍ਰਧਾਨਗੀ ਹੇਠ ਫਗਵਾੜਾ 'ਚ ਹੋਈ ਹੰਗਾਮੀ ਮੀਟਿੰਗ

"Equality and justice"
Patiala 24 November
INTERNATIONAL PAPER, 9463601616
hardipchumber57@gmail.com



ਫਗਵਾੜਾ ਨਵੰਬਰ (ਚਰਨਜੀਤ ਸੱਲ੍ਹਾਂ ) ਆਲ ਇੰਡੀਆ ਰੰਘਰੇਟਾ ਦੱਲ ਦੀ ਹੰਗਾਮੀ ਮੀਟਿੰਗ ਕੌਮੀ ਪ੍ਰਧਾਨ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਗ੍ਰਹਿ ਫਗਵਾੜਾ ਵਿਖੇ ਹੋਈ। ਜਿਸ ਵਿੱਚ ਪੰਜਾਬ ਪ੍ਰਧਾਨ ਜੋਗਿੰਦਰ ਸਿੰਘ ਟਾਈਗਰ ਤੋਂ ਇਲਾਵਾ ਸੂਬਾ ਕਮੇਟੀ ਅਤੇ ਵੱਖ-ਵੱਖ ਜਿਲ੍ਹਿਆਂ ਦੇ ਪ੍ਰਧਾਨਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਰੰਘਰੇਟਾ ਦੱਲ ਦੇ ਸਮੂਹ ਆਗੂਆਂ ਨੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਤਰਨਤਾਰਨ ਜਿਮਨੀ ਚੋਣ ਪ੍ਰਚਾਰ ਦੌਰਾਨ ਦੇਸ਼ ਦੇ ਸਾਬਕਾ ਗ੍ਰਹਿ ਮੰਤਰੀ ਸਵ.ਬੂਟਾ ਸਿੰਘ ਬਾਰੇ ਕੀਤੀ ਨਸਲੀ ਟਿੱਪਣੀ ਦੀ ਸਖ਼ਤ ਨਖੇਦੀ ਕਰਦਿਆਂ ਤਰਨਤਾਰਨ ਦੇ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਕ ਹਫ਼ਤੇ ਦੇ ਅੰਦਰ ਰਾਜਾ ਵੜਿੰਗ ਦੀ ਗਿਰਫਤਾਰੀ ਨਾ ਹੋਈ ਤਾਂ ਰੰਘਰੇਟਾ ਦੱਲ ਵਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਜੋ ਕਿ ਸਵ. ਬੂਟਾ ਸਿੰਘ ਦੇ ਭਾਣਜੇ ਵੀ ਹਨ, ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਐਸ.ਸੀ. ਸਮਾਜ ਦੇ ਬਹੁਤ ਪੜ੍ਹੇ-ਲਿਖੇ, ਸੂਝਵਾਨ ਅਤੇ ਆਪਣੀ ਹੀ ਪਾਰਟੀ ਦੇ ਸੀਨੀਅਰ ਆਗੂ ਬਾਰੇ ਸਖ਼ਤ ਇਤਰਾਜਯੋਗ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪਰ ਬਾਵਜੂਦ ਇਸ ਦੇ ਰਾਜਾ ਵੜਿੰਗ ਦੀ ਹੁਣ ਤੱਕ ਗਿਰਫਤਾਰੀ ਨਹੀਂ ਹੋਈ ਹੈ। ਮੀਟਿੰਗ ਦੌਰਾਨ ਮੌਜੂਦ ਰਹੇ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਨੇ ਰੰਘਰੇਟਾ ਦੱਲ ਦੇ ਸਮੂਹ ਆਗੂਆਂ ਨੂੰ ਭਰੋਸਾ ਦਿੱਤਾ ਕਿ ਰਾਜਾ ਵੜਿੰਗ ਦੀ ਗਿਰਫਤਾਰੀ ਨੂੰ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਭਵਿੱਖ 'ਚ ਕੋਈ ਵੀ ਸਿਆਸੀ ਆਗੂ ਮਜ਼ਬੀ ਸਿੱਖ ਅਤੇ ਵਾਲਮੀਕਿ ਭਾਈਚਾਰੇ ਨੂੰ ਲੈ ਕੇ ਅਜਿਹੀ ਇਤਰਾਜਯੋਗ ਟਿੱਪਣੀ ਨਾ ਕਰ ਸਕੇ। ਮੀਟਿੰਗ ਦੌਰਾਨ ਮਜ਼ਬੀ ਸਿੱਖ ਅਤੇ ਵਾਲਮੀਕ ਭਾਈਚਾਰੇ ਨੂੰ ਪੇਸ਼ ਆ ਰਿਹਾ ਮੁਸ਼ਕਲਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਹਰਜੀ ਮਾਨ ਨੇ ਪੁਲਿਸ, ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨਾਲ ਸਬੰਧਤ ਮੁਸ਼ਕਲਾਂ ਦੇ ਹਲ ਦਾ ਰੰਘਰੇਟਾ ਦੱਲ ਦੇ ਆਗੂਆਂ ਨੂੰ ਭਰੋਸਾ ਦਿੱਤਾ। ਇਸ ਮੌਕੇ ਪਰਮਜੀਤ ਸਿੰਘ ਮੋਗਾ,ਰਸ਼ਪਾਲ ਸਿੰਘ ਪਠਾਨਕੋਟ,ਮੇਜਰ ਸਿੰਘ ਲੰਬੀ, ਮਹਿੰਦਰ ਸਿੰਘ ਕਪੂਰਥਲਾ,ਜਗਤਾਰ ਸਿੰਘ ਧਨੋਲਾ,ਪ੍ਰੇਮ ਸਿੰਘ,ਮਨਸਾ ਸਿੰਘ ਫਿਰੋਜ਼ਪੁਰ,ਜਸਵੀਰ ਸਿੰਘ ਸੱਬਰਵਾਲ,ਬੂਟਾ ਸਿੰਘ, ਰਸ਼ਪਾਲ ਸਿੰਘ ਕੋਟਕਪੂਰਾ, ਐਡਵੋਕੇਟ ਰਮੇਸ਼ ਸਿੰਘ ਕੋਟਕਪੂਰਾ,ਰੂਪ ਸਿੰਘ ਬਠਿੰਡਾ,ਮੇਜਰ ਸਿੰਘ ਮੁਕਤਸਰ,ਸਰਬਜੀਤ ਕੌਰ ਕੋਟਕਪੂਰਾ,ਰਸ਼ਪਾਲ ਸਿੰਘ ਕੋਟਕਪੂਰਾ, ਅਮਰਜੀਤ ਸਿੰਘ ਦੌਲੇਵਾਲ,ਧਰਮਵੀਰ ਸੇਠੀ,ਬਲਜਿੰਦਰ ਸਿੰਘ,ਡਾ. ਨਿਰੰਜਨ ਸਿੰਘ ਸ਼ਾਹਕੋਟ,ਬਾਬਾ ਮਨਪ੍ਰੀਤ ਸਿੰਘ,ਡਾ.ਨਿਰੰਜਨ ਸਿੰਘ, ਸ਼ਿੰਦਰ ਪਾਲ,ਬਲਜਿੰਦਰ ਸਿੰਘ,ਪਰਮਜੀਤ ਸਿੰਘ ਸਤਾਰਾ ਆਦਿ ਹਾਜਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਨਿਰਪੱਖਤਾ ਦੀ ਰਾਖੀ ਲਈ ਦਿੱਤੀ ਕੁਰਬਾਨੀ : ਸੀਟੂ ਆਗੂ

## ਸੀਟੂ ਨੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹਾਦਤ ਦਿਵਸ ਪੂਰੀ ਸ਼ਰਧਾ ਨਾਲ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 9463601616
hardipchumber57@gmail.com



ਸੰਗਰੂਰ, 24 ਨਵੰਬਰ ( ਜਗਸੀਰ ਸਿੰਘ ) - ਸੈਂਟਰ ਆਫ ਇੰਡੀਆ ਟਰੇਡ ਯੂਨੀਅਨ ਦੇ ਸੂਬਾਈ ਇਜਲਾਸ ਦੀ ਸਵਾਗਤ ਕਮੇਟੀ ਦੇ ਚੇਅਰਮੈਨ ਮੇਜਰ ਸਿੰਘ ਪੁੰਨਾਂਵਾਲ ਦੀ ਅਗਵਾਈ 'ਚ ਅੱਜ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹਾਦਤ ਦਿਵਸ ਮਨਾਇਆ ਗਿਆ। ਸੰਗਰੂਰ ਦੇ ਬਰਨਾਲਾ ਕੈਚੀਆਂ ਚੌਕ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੀਟੂ ਆਲ ਇੰਡੀਆ ਦੇ ਸਕੱਤਰ ਭੈਣ ਊਸ਼ਾ ਰਾਣੀ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਕੁਰਬਾਨੀ ਸਾਨੂੰ ਅੱਜ ਵੀ ਜਬਰ ਜ਼ੁਲਮ ਦੇ ਖਿਲਾਫ ਲੜਨ ਤੇ ਸ਼ਹਾਦਤਾਂ ਦੇ ਵਿਰਸੇ ਨਾਲ ਜੋੜਦੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਹੁਕਮਰਾਨ ਔਰੰਗਜ਼ੇਬ ਵਲੋਂ ਆਪਣੀ ਕੱਟੜਤਾ ਦੇ ਚਲਦਿਆਂ ਦਿੱਲੀ ਦੇ ਹਿੰਦੂ ਭਰਾਵਾਂ ਨਾਲ ਜਬਰ ਕੀਤਾ ਜਾ ਰਿਹਾ ਸੀ। ਗੁਰੂ ਜੀ ਨੇ ਆਪਣੀ ਸ਼ਹਾਦਤ ਦੇ ਕੇ ਔਰੰਗਜ਼ੇਬ ਦੇ ਜਬਰ ਨੂੰ ਰੋਕਿਆ । ਉਨ੍ਹਾਂ ਕਿਹਾ ਕਿ ਅੱਜ ਕੇਂਦਰ ਦੀ ਮੋਦੀ ਹਕੂਮਤ ਵੀ ਆਪਣੀ ਕੱਟੜਵਾਦੀ ਵਿਚਾਰਧਾਰਾ ਨੂੰ ਲੋਕਾਂ ਤੇ ਥੋਪਣ ਲਈ ਔਰੰਗਜ਼ੇਬ ਦੇ ਰਾਹ ਤੇ ਚੱਲ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਭਾਰਤ ਸਰਕਾਰ ਵਿਸ਼ੇਸ਼ ਵਿਆਪਕ ਵੋਟਰ ਸੁਧਾਈ (ਐਸ ਆਈ ਆਰ) ਚਲਾ ਕੇ ਜਿਥੇ ਦੇਸ਼ ਅੰਦਰ ਇਕ ਵਿਸ਼ੇਸ਼ ਫਿਰਕੇ ਦੇ ਲੋਕਾਂ ਨਾਲ ਭੇਦਭਾਵ ਕਰ ਰਹੀ ਹੈ ਉੱਥੇ ਹੀ ਮਿਹਨਤਕਸ਼ ਅਧਿਆਪਕਾਂ ਤੇ ਆਂਗਣਵਾੜੀ ਵਰਕਰਾਂ ਉਪਰ ਵੋਟਰ ਸੁਧਾਈ ਦਾ ਵਾਧੂ ਬੋਝ ਪਾ ਕੇ ਇਸ ਪ੍ਰੋਗਰਾਮ ਨੂੰ ਜਲਦੀ ਪੂਰਾ ਕਰਨ ਲਈ ਪ੍ਰੇਸ਼ਰਾਇਜ਼ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸਰਕਾਰ ਦੇ ਇਸ ਰਵੱਈਏ ਕਰਕੇ ਕਈ ਅਧਿਆਪਕ ਤੇ ਆਂਗਣਵਾੜੀ ਵਰਕਰ ਆਤਮਹੱਤਿਆ ਤੱਕ ਕਰਨ ਲਈ ਮਜਬੂਰ ਹੋਏ ਹਨ । ਇਸ ਮੌਕੇ ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ ਮਹਾਂ ਸਿੰਘ ਰੋੜੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਾਨੂੰ ਆਜ਼ਾਦ ਸੋਚ, ਧਰਮ ਨਿਰਪੱਖਤਾ, ਮਨੁੱਖੀ ਬਰਾਬਰਤਾ ਲਈ ਜਾਤ ਪਾਤ ਤੇ ਧਰਮ ਤੋਂ ਉਪਰ ਉਠ ਕੇ ਆਪਸੀ ਸਾਂਝ ਦਾ ਸੰਦੇਸ਼ ਦਿੱਤਾ ਤੇ ਉਨ੍ਹਾਂ ਦੀ ਕੁਰਬਾਨੀ ਦੀ ਸਾਰਥਿਕਤਾ ਅੱਜ ਵੀ ਕਾਇਮ ਹੈ। ਇਸ ਮੌਕੇ ਸੀਟੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਨੇ ਕਿਹਾ ਕਿ ਅੱਜ ਵੀ ਹਕੂਮਤਾਂ ਸਾਡੇ ਲੋਕਾਂ ਨਾਲ ਧੱਕਾ ਕਰ ਰਹੀਆਂ ਹਨ, ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਸਵਿਧਾਨ ਨੂੰ ਤੋੜ ਮਰੋੜ ਕੇ ਪੰਜਾਬ ਦੇ ਅਧਿਕਾਰਾਂ ਤੇ ਡਾਕਾ ਮਾਰ ਰਹੀ ਹੈ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਯੂਨੀਵਰਸਟੀ, ਬੀ ਬੀ ਐਮ ਬੀ ਵਰਗੇ ਅਦਾਰੇ ਕੇਂਦਰ ਦੀ ਮੋਦੀ ਹਕੂਮਤ ਜਬਰੀ ਆਪਣੀ ਅਧੀਨ ਕਰਕੇ ਆਪਣੀ ਔਰੰਗਜ਼ੇਬ ਵਰਗੀ ਸੋਚ ਦਾ ਪ੍ਰਗਟਾਵਾ ਕਰ ਚੁਕੀ ਹੈ। ਉਨਾਂ ਕਿਹਾ ਕਿ ਅੱਜ ਦੇਸ਼ ਦੇ ਮਜਦੂਰ ਕਿਸਾਨ ਆਪਣੇ ਉਪਰ ਹੋ ਰਹੇ ਜ਼ੁਲਮ ਖਿਲਾਫ ਜੂਝਣ ਲਈ ਗੁਰੂ ਸਾਹਿਬਾਨਾਂ ਵਲੋਂ ਦਰਸਾਏ ਮਾਰਗ ਤੇ ਚੱਲਣਗੇ ਤੇ ਆਪਣੇ ਹੱਕਾਂ ਦੀ ਰਾਖੀ ਕਰਨਗੇ। ਇਸ ਮੌਕੇ ਸੀਟੂ ਦੇ ਜ਼ਿਲਾ ਪ੍ਰਧਾਨ ਜੋਗਿੰਦਰ ਔਲਖ, ਜ਼ਿਲਾ ਸਕੱਤਰ ਇੰਦਰਪਾਲ ਪੁੰਨਾਂਵਾਲ, ਦਰਸ਼ਨ ਸਿੰਘ ,ਕਾਮਰੇਡ ਰਾਮ ਸਿੰਘ ਸੋਹੀਆਂ, ਸਤਵੀਰ ਤੁੰਗਾਂ, ਦਰਬਾਰ ਸਿੰਘ ਬੇਨੜਾ, ਕਰਮ ਸਿੰਘ ਉਪਲੀ, ਮਨਦੀਪ ਕੁਮਾਰੀ, ਬਹਾਦਰ ਸਿੰਘ ਤੇ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਹਾਜ਼ਰ ਸਨ।

# ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨਵੇਂ ਲੇਬਰ ਕੋਡ ਲਾਗੂ ਕਰਨ ਖਿਲਾਫ਼ 26 ਨਵੰਬਰ ਨੂੰ ਡਵੀਜ਼ਨ ਪੱਧਰ 'ਤੇ ਕਰਨਗੀਆਂ ਰੋਸ ਪ੍ਰਦਰਸ਼ਨ

## ਨਵੇਂ ਲੇਬਰ ਕੋਡ ਦਾ ਨੋਟੀਫਿਕੇਸ਼ਨ ਅਤੇ ਬਿਜਲੀ ਸੋਧ ਬਿੱਲ 2025 ਦੀਆਂ ਕਾਪੀਆਂ ਫੂਕਣ ਦਾ ਐਲਾਨ, ਅਗਲੇ ਸੰਘਰਸ਼ਾਂ ਦੀ ਲਾਮਬੰਦੀ ਲਈ 29 ਨਵੰਬਰ ਨੂੰ ਲੁਧਿਆਣੇ ਸਾਂਝੀ ਮੀਟਿੰਗ ਰੱਖੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com




ਲੁਧਿਆਣਾ 24 ਨਵੰਬਰ
ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਦੇਸ਼ ਵਿੱਚ ਧੱਕੇ ਨਾਲ ਲਾਗੂ ਕਰਨ ਅਤੇ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਖਰੜੇ ਖਿਲਾਫ ਬਿਜਲੀ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸਾਂਝੇ ਸੰਗਠਨ ਵੱਲੋਂ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਦੇਸ਼ ਵਿਆਪੀ ਸੱਦੇ 'ਤੇ 26 ਨਵੰਬਰ ਨੂੰ ਸਮੁੱਚੇ ਪੰਜਾਬ ਦੇ ਬਿਜਲੀ ਦਫਤਰਾਂ ਵਿੱਚ ਡਵੀਜ਼ਨ ਪੱਧਰ 'ਤੇ ਕੇਂਦਰ ਸਰਕਾਰ ਵੱਲੋਂ ਨਵੇਂ ਲਾਗੂ ਕੀਤੇ ਚਾਰ ਲੇਬਰ ਕੋਡਾਂ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਮਜ਼ਦੂਰ ਵਿਰੋਧੀ ਲੇਬਰ ਕੋਡਾਂ ਦੀ ਨੋਟੀਫਿਕੇਸ਼ਨ ਅਤੇ ਬਿਜਲੀ ਸੋਧ ਬਿੱਲ 2025 ਦੇ ਖਰੜੇ ਦੀਆਂ ਕਾਪੀਆਂ ਫੂਕਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਫੈਸਲਾ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਨਾਲ ਸਬੰਧਿਤ ਆਗੂਆਂ ਦੀ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਅੱਜ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਸਬੰਧੀ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਿਹਨਤਕਸ਼ ਜਮਾਤ ਦੇ ਹਿੱਤ ਸੁਰਖਿਅਤ ਰੱਖਣ ਵਾਲੇ 44 ਕਿਰਤ ਕਾਨੂੰਨ ਖਤਮ ਕਰਕੇ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੇ ਚਾਰ ਲੇਬਰ ਕੋਡ ਦੇਸ਼ ਵਿੱਚ ਲਾਗੂ ਕਰਕੇ ਕਿਰਤੀ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਦਾ ਲੋਕ ਵਿਰੋਧੀ ਖਰੜਾ ਤਿਆਰ ਕਰਕੇ ਦੇਸ਼ ਦੇ ਸਮੁੱਚੇ ਪਾਵਰ ਸੈਕਟਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਕਾਨੂੰਨ ਪਾਸ ਕਰਨ ਦੇ ਮਨਸੂਬਿਆਂ ਨੂੰ ਵੀ ਅੰਤਿਮ ਛੋਹਾਂ ਦੇ ਰਹੀ। ਜਿਸ ਦਾ ਮਜਦੂਰ ਅਤੇ ਮੁਲਾਜ਼ਮ ਸੰਘਰਸ਼ਾਂ ਦੇ ਬੱਲਬੂਤੇ ਲਗਾਤਾਰ ਵਿਰੋਧ ਕਰਨਗੇ। ਮੀਟਿੰਗ ਵਿੱਚ ਸ਼ਾਮਲ ਆਗੂਆਂ ਗੁਰਵੇਜ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਦਵਿੰਦਰ ਸਿੰਘ ਪਿਸੌਰ, ਰਾਧੇਸ਼ਿਆਮ, ਰਵੇਲ ਸਿੰਘ ਸਹਾਏਪੁਰ, ਸੁਖਵਿੰਦਰ ਸਿੰਘ ਚਾਹਲ, ਇੰਜੀ ਹਰਮਨਦੀਪ, ਜਸਵੀਰ ਸਿੰਘ ਆਂਡਲੂ, ਮਨਜੀਤ ਸਿੰਘ ਚਾਹਲ, ਕੌਰ ਸਿੰਘ ਸੋਹੀ, ਬਾਬਾ ਅਮਰਜੀਤ ਸਿੰਘ, ਅਮਰੀਕ ਸਿੰਘ ਮਸੀਤਾਂ, ਦਲੀਪ ਕੁਮਾਰ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਦੁਮਣਾ, ਪਵਨਪਰੀਤ ਸਿੰਘ ਆਦਿ ਨੇ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਲਈ ਪਾਵਰਕਾਮ ਅਦਾਰੇ ਵਿੱਚ ਪੰਜਾਬ ਸਰਕਾਰ ਦੀ ਬੇਲੋੜੀ ਦਖਲ ਅੰਦਾਜ਼ੀ ਦੀ ਤਿੱਖੀ ਨੁਕਤਾਚੀਨੀ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਅਤੇ ਬਿਜਲੀ ਮੰਤਰੀ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਸ ਸਨਅਤੀ ਅਦਾਰੇ ਨੂੰ ਆਪਣੀਆਂ ਰਾਜਸੀ ਲੋੜਾਂ ਲਈ ਵਰਤਣਾ ਤੁਰੰਤ ਬੰਦ ਕੀਤਾ ਜਾਵੇ। ਅੱਜ ਦੀ ਮੀਟਿੰਗ ਵਿੱਚ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨੇ 26 ਨਵੰਬਰ ਨੂੰ ਬਿਜਲੀ ਦਫਤਰਾਂ ਅਤੇ ਸਯੁੰਕਤ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਵਿੱਚ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਨੂੰ ਵੱਡੇ ਪੱਧਰ 'ਤੇ ਹਿੱਸਾ ਲੈਣ ਦੀ ਅਪੀਲ ਕੀਤੀ।ਮੀਟਿੰਗ ਦੇ ਅਖੀਰ ਵਿੱਚ ਸੰਘਰਸ਼ਾਂ ਦੀ ਅਗਲੇਰੀ ਲਾਮਬੰਦੀ ਲਈ 29 ਨਵੰਬਰ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਯਾਦਗਾਰੀ ਭਵਨ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਕਰਨ ਦਾ ਵੀ ਐਲਾਨ ਕੀਤਾ ਹੈ। ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਸੰਘਰਸ਼ਾਂ ਦੀ ਲਾਮਬੰਦੀ ਲਈ ਰੱਖੀ ਮੀਟਿੰਗ ਵਿੱਚ ਸੰਘਰਸ਼ਸ਼ੀਲ ਭਰਾਤਰੀ ਜਥੇਬੰਦੀਆਂ ਨੂੰ ਸ਼ਾਮਲ ਹੋਣ ਦੀ ਵੀ ਅਪੀਲ ਕੀਤੀ ਹੈ।

# ਰਾਜਿੰਦਰਾ ਹਸਪਤਾਲ ਅਤੇ ਮੈਡੀਕਲ ਕਾਲਜ ਪਟਿਆਲਾ ਦੇ ਕਰਮਚਾਰੀਆਂ ਨੇ 2022 ਦੀ ਪੁਰਾਣੀ ਪੈਨਸ਼ਨ ਬਹਾਲੀ ਵਾਲੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ*ਬੰਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com



ਪਟਿਆਲਾ 18 ਨਵੰਬਰ, ਜਗਤਾਰ ਰੋੜੇਵਾਲ :- ਅੱਜ ਪਟਿਆਲਾ ਵਿਖੇ ਸਾਥੀ ਸਵਰਨ ਸਿੰਘ ਬੰਗਾ ਜ਼ਿਲ੍ਹਾ ਪ੍ਰਧਾਨ, ਜੁਆਇੰਟ ਐਕਸ਼ਨ ਕਮੇਟੀ ਸਿਹਤ ਵਿਭਾਗ, ਖੋਜ ਅਤੇ ਮੈਡੀਕਲ ਸਿੱਖਿਆ ਸੰਸਥਾਵਾਂ ਦੀ ਪ੍ਰੇਰਨਾ ਸਦਕਾ ਅਰੁਣ ਕੁਮਾਰ ਅਤੇ ਮੋਨਿਕਾ ਕਟਾਰੀਆ ਦੀ ਅਗਵਾਈ ਵਿੱਚ ਰਾਜਿੰਦਰਾ ਹਸਪਤਾਲ, ਮੈਡੀਕਲ ਕਾਲਜ, ਆਯੁਰਵੈਦਿਕ ਕਾਲਜ ਅਤੇ ਮਾਤਾ ਕੁਸ਼ੱਲਿਆ ਹਸਪਤਾਲ ਦੇ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਤੋਂ ਆਪਣੇ 2004 ਤੋਂ ਬਾਅਦ ਭਰਤੀ ਕਰਮਚਾਰੀ ਸਾਥੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਲਿਆਉਣ ਦੇ ਮਨਸ਼ੇ ਨਾਲ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਦੀ ਹਮਾਇਤ ਕਰਦਿਆਂ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲੀ ਬਾਰੇ ਜਾਰੀ ਕੀਤੀ ਝੂਠੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਰਕਾਰੀ ਮੈਡੀਕਲ ਕਾਲਜ ਦੇ ਗੇਟ ਸਾਹਮਣੇ ਫੂਕੀਆਂ ਗਈਆਂ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਪ੍ਰੈਸ ਬਿਆਨ ਜਾਰੀ ਕਰਦਿਆਂ ਸੁਰਿੰਦਰਪਾਲ ਦੁੱਗਲ ਨੇ ਦੱਸਿਆ ਕਿ ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ਼੍ਰੀ ਸੁਖਦੇਵ ਸਿੰਘ ਝੰਡੀ ਪ੍ਰਧਾਨ ਮਾਤਾ ਕੁਸ਼ੱਲਿਆ ਹਸਪਤਾਲ, ਸੁਖਵਿੰਦਰ ਸਿੰਘ, ਪ੍ਰਦੀਪ ਕੁਮਾਰ, ਦਲੀਪ ਕੁਮਾਰ, ਸਚਿਨ ਕੁਮਾਰ, ਪਵਨ ਕੁਮਾਰ, ਸੁਰਿੰਦਰਪਾਲ ਦੁੱਗਲ, ਹਰਸ਼ਦੀਪ ਸਿੰਘ, ਅਨਿੱਲ ਕੁਮਾਰ (ਚੇਅਰਮੈਨ), ਲਵਕੇਸ਼ ਕੁਮਾਰ ਸਪੈਸ਼ਲ ਕਾਡਰ ਆਗੂ, ਰਾਜਨ ਅਟਵਾਲ, ਕਰਮਜੀਤ ਸਿੰਘ, ਰਵੀ ਕੁਮਾਰ , ਕ੍ਰਿਸ਼ਨ ਕੁਮਾਰ, ਕਿਰਨਾਂ, ਰਕਸ਼ਾ, ਅਤੇ ਪ੍ਰੀਤੀ ਵਿਸ਼ੇਸ਼ ਤੌਰ ਤੇ ਹਾਜਰ ਸਨ।

# ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਪੀ.ਪੀ. ਐੱਸ, ਚੀਮਾਂ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com




ਚੀਮਾ ਮੰਡੀ,24 ਨਵੰਬਰ (ਜਗਸੀਰ ਸਿੰਘ)- ਪੈਰਾਮਾਉਂਟ ਪਬਲਿਕ ਸਕੂਲ, ਚੀਮਾਂ ਵਿਖੇ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸ਼ਹੀਦੀ ਦਿਹਾੜੇ ਤੇ ਪੰਜਾਬੀ ਅਧਿਆਪਕ ਦੁਆਰਾ ਬੱਚਿਆਂ ਤੋਂ ਗੁਰੂ ਜੀ ਦੇ ਜੀਵਨ ਤੇ ਆਧਾਰਿਤ ਪ੍ਰਸ਼ਨ-ਉੱਤਰ ਪੁੱਛੇ ਗਏ ਅਤੇ ਦਸਵੀਂ ਜਮਾਤ ਦੀ ਵਿਦਿਆਰਥਣ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਸਪੀਚ ਪੇਸ਼ ਕੀਤੀ। ਇਸ ਉਪਰੰਤ ਸਕੂਲ ਦੇ ਵਿਦਿਆਰਥੀਆਂ ਦੁਆਰਾ ਸ਼ਬਦ ਕੀਰਤਨ ਗਾਇਨ ਕੀਤਾ ਗਿਆ। ਇਸ ਮੌਕੇ ਸਕੂਲ ਦੇ ਐੱਮ. ਡੀ. ਸ. ਜਸਵੀਰ ਸਿੰਘ ਚੀਮਾਂ ਨੇ ਗੁਰੂ ਜੀ ਦੇ ਮੁੱਢਲੇ ਜੀਵਨ ਅਤੇ ਕੌਮ ਲਈ ਦਿੱਤੀ ਸ਼ਹਾਦਤ ਬਾਰੇ ਬੱਚਿਆਂ ਨੂੰ ਜਾਗਰੂਕ ਕਰਵਾਇਆ ਅਤੇ ਦੱਸਿਆ ਕਿ ਕਿਸ ਤਰ੍ਹਾਂ ਗੁਰੂ ਜੀ ਸ੍ਰਿਸ਼ਟੀ ਦੀ ਰੱਖਿਆ ਲਈ ਆਪਣਾ ਬਲਿਦਾਨ ਦੇਣ ਲਈ ਤਿਆਰ ਹੋ ਗਏ, ਉਹਨਾਂ ਦੀ ਕੁਰਬਾਨੀ ਦਾ ਅਸੀਂ ਮੁੱਲ ਨਹੀਂ ਦੇ ਸਕਦੇ। ਇਸ ਮੌਕੇ ਪ੍ਰਿੰਸੀਪਲ ਸੰਜੇ ਕੁਮਾਰ, ਮੈਡਮ ਕਿਰਨਪਾਲ ਕੌਰ, ਮੈਡਮ ਭੁਸ਼ਪਿੰਦਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

# 26 ਨਵੰਬਰ 2025 ਨੂੰ ਪਟਿਆਲਾ ਸਰਕਲ ਅਧੀਨ ਸਾਰੀਆਂ ਡਵੀਜਨਾਂ ਤੇ ਦਿੱਤੇ ਜਾਣਗੇ ਧਰਨੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com



ਪਟਿਆਲਾ : ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਅਤੇ ਸਰਕਲ ਸਕੱਤਰ ਬਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਟੀ.ਐਸ.ਯੂ. ਸਰਕਲ ਪਟਿਆਲਾ ਦੀ ਮੀਟਿੰਗ ਹੋਈ। ਇਸ ਵਿੱਚ ਹਰਜੀਤ ਸਿੰਘ, ਬਿਰੇਸ਼ ਕੁਮਾਰ, ਇੰਦਰਜੀਤ ਸਿੰਘ, ਪ੍ਰਦੀਪ ਕੁਮਾਰ, ਭਗਵਾਨ ਸਿੰਘ, ਕਰਮਜੀਤ ਸਿੰਘ, ਦਰਸ਼ਨ ਕੁਮਾਰ, ਹੁਕਮ ਸਿੰਘ ਆਦਿ ਨੇ ਹਿੱਸਾ ਲਿਆ। ਇਸ ਵਿੱਚ ਵਿਸ਼ੇਸ਼ ਤੌਰ ਤੇ ਵਿਜੇ ਦੇਵ, ਗੁਰਦੀਪ ਸਿੰਘ, ਜਤਿੰਦਰ ਚੱਢਾ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸੂਬਾ ਕਮੇਟੀ ਦੇ ਸੱਦੇ ਤੇ ਸੰਯੁਕਤ ਕਿਸਾਨ ਮੋਰਚਾ ਵਲੋਂ ਬਿਜਲੀ ਐਕਟ 2025, ਸਰਕਾਰੀ ਜਮੀਨਾਂ ਨੂੰ ਨਜਾਇਜ ਤੌਰ ਤੇ ਵੇਚਣ ਸਬੰਧੀ ਅਤੇ ਹੋਰ ਮੰਗਾਂ ਨੂੰ ਲੈ ਕੇ ਦੇਸ਼ ਭਰ ਦੀਆਂ ਰਾਜਧਾਨੀਆਂ ਅੱਗੇ ਧਰਨਾ ਦਿੱਤਾ ਜਾ ਰਿਹਾ ਹੈ। ਇਸ ਦੀ ਹਮਾਇਤ ਕਰਦੇ ਹੋਏ ਸੂਬਾ ਕਮੇਟੀ ਵੱਲੋਂ 26 ਨਵੰਬਰ 2025 ਨੂੰ ਪੰਜਾਬ ਅੰਦਰ ਸਾਰੀਆਂ ਡਵੀਜਨਾਂ ਅੱਗੇ ਧਰਨੇ / ਰੈਲੀਆਂ ਕੀਤੀਆਂ ਜਾਣਗੀਆਂ। ਇਸੇ ਲੜੀ ਤਹਿਤ ਪਟਿਆਲਾ ਸਰਕਲ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਦੇ ਹੋਏ ਸਰਕਲ ਪਟਿਆਲਾ ਅੱਗੇ ਚਾਰ ਡਵੀਜਨਾਂ ਜਿਨ੍ਹਾਂ ਵਿੱਚ ਪੱਛਮ ਮੰਡਲ ਪਟਿਆਲਾ, ਪੂਰਬ ਮੰਡਲ ਪਟਿਆਲਾ, ਸਬਅਰਬਨ ਮੰਡਲ ਪਟਿਆਲਾ, ਮਾਡਲ ਟਾਊਨ ਮੰਡਲ ਪਟਿਆਲਾ, ਅਤੇ ਬਾਕੀ ਡਵੀਜਨਾਂ ਆਪਣੇ ਦਫਤਰ ਸਮਾਣਾ ਡਵੀਜਨ, ਰਾਜਪੁਰਾ ਡਵੀਜਨ, ਨਾਭਾ ਡਵੀਜਨ ਵਿਖੇ ਧਰਨੇ ਦਿੱਤੇ ਜਾਣਗੇ। ਇਨ੍ਹਾਂ ਧਰਨਿਆਂ ਵਿੱਚ ਟੈਕਨੀਕਲ ਸਰਵਿਸ ਯੂਨੀਅਨ ਪਟਿਆਲਾ ਦੇ ਕਾਮੇ ਠੇਕਾ ਕਾਮਾ ਯੂਨੀਅਨ ਦੇ ਕਾਮੇ ਅਤੇ ਪੈਸਕੋ ਦੇ ਕਾਮੇ ਸ਼ਮੂਲੀਅਤ ਕਰਨਗੇ। ਇਸ ਦੇ ਨਾਲ ਹੀ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਐਕਟ 2025 ਰੱਦ ਕੀਤਾ ਜਾਵੇ। ਸਰਕਾਰੀ ਜਮੀਨਾਂ ਵੇਚਣੀਆਂ ਬੰਦ ਕੀਤੀਆਂ ਜਾਣ, ਸਿੱਧੀ ਭਰਤੀ ਕੀਤੀ ਜਾਵੇ, ਡਿਸਮਿਸ ਆਗੂਆਂ ਨੂੰ ਹਾਈਕੋਰਟ ਦੇ ਫੈਸਲੇ ਅਨੁਸਾਰ ਬਹਾਲ ਕੀਤਾ ਜਾਵੇ, ਡੀ.ਏ. ਦੀਆਂ ਕਿਸ਼ਤਾਂ ਤੁਰੰਤ ਰਲੀਜ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਆਦਿ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਜਾਵੇਗਾ।

# ਵਿਧਾਇਕ ਜਿੰਪਾ ਨੇ 44 ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 8.30 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ

"Equality and justice" Patiala 24 November
INTERNATIONAL PAPER, 94636 01616
hardipchumber57@gmail.com



ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੁੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਲਗਭਗ 44 ਪਿੰਡਾਂ ਵਿੱਚ ਵਿਕਾਸ ਕਾਰਜਾਂ ਲਈ 8.30 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡ ਕੇ ਖੇਤਰ ਦੇ ਸਮੁੱਚੇ ਵਿਕਾਸ ਨੂੰ ਇੱਕ ਨਵੀਂ ਗਤੀ ਦਿੱਤੀ। ਮੀਟਿੰਗ ਵਿੱਚ ਬਲਾਕ 1 ਅਤੇ ਬਲਾਕ 2 ਦੇ ਬਲਾਕ ਵਿਕਾਸ ਅਧਿਕਾਰੀਆਂ (ਬੀ.ਡੀ.ਓ.) ਦੇ ਨਾਲ-ਨਾਲ ਸਬੰਧਤ ਵਿਭਾਗਾਂ ਦੇ ਸਮੁੱਚੇ ਸਟਾਫ ਨੇ ਸ਼ਿਰਕਤ ਕੀਤੀ। ਇਸ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਸਰਪੰਚ ਅਤੇ ਪੰਚ ਵੀ ਮੌਜੂਦ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਨਜ਼ੂਰ ਵਿਕਾਸ ਕਾਰਜਾਂ ਵਿੱਚ ਸੜਕਾਂ, ਗਲੀਆਂ, ਡਰੇਨੇਜ ਸਿਸਟਮ, ਕਮਿਊਨਿਟੀ ਇਮਾਰਤਾਂ ਅਤੇ ਪੀਣ ਵਾਲੇ ਪਾਣੀ ਨਾਲ ਸਬੰਧਤ ਵੱਖ-ਵੱਖ ਪ੍ਰੋਜੈਕਟ ਸ਼ਾਮਲ ਹਨ, ਜੋ ਪਿੰਡ ਆਬਾਦੀ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਵਿਧਾਇਕ ਨੇ ਇਹ ਵੀ ਐਲਾਨ ਕੀਤਾ ਕਿ ਇਲਾਕੇ ਦੇ ਲਗਭਗ 30 ਪਿੰਡਾਂ ਵਿੱਚ ਆਧੁਨਿਕ ਖੇਡ ਪਾਰਕ ਵਿਕਸਤ ਕੀਤੇ ਜਾਣਗੇ, ਜਿਸ ਵਿੱਚ ਨੌਜਵਾਨਾਂ ਲਈ ਓਪਨ ਜਿੰਮ, ਵਾਲੀਬਾਲ ਅਤੇ ਕਬੱਡੀ ਦੇ ਮੈਦਾਨ, ਦੌੜਨ ਵਾਲੇ ਟਰੈਕ ਅਤੇ ਹੋਰ ਖੇਡ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨ ਪੀੜ੍ਹੀ ਵਿੱਚ ਅਨੁਸ਼ਾਸਨ ਅਤੇ ਸਿਹਤ ਦੋਵਾਂ ਦਾ ਵਿਕਾਸ ਕਰਦੀਆਂ ਹਨ ਅਤੇ ਇਸ ਲਈ ਸਰਕਾਰ ਪੇਂਡੂ ਖੇਤਰਾਂ ਵਿੱਚ ਖੇਡ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ।ਜਿੰਪਾ ਨੇ ਹਾਜ਼ਰ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਨੂੰ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰਾ ਕਰਨ, ਤਾਂ ਜੋ ਮਨਜ਼ੂਰ ਫੰਡਾਂ ਦਾ ਵੱਧ ਤੋਂ ਵੱਧ ਲਾਭ ਆਮ ਪਿੰਡ ਵਾਸੀਆਂ ਤੱਕ ਪਹੁੰਚੇ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਇਲਾਕੇ ਦੇ ਵਿਕਾਸ ਲਈ ਹਰ ਸੰਭਵ ਸਹਾਇਤਾ ਜਾਰੀ ਰਹੇਗੀ।

# ਗੁਰੂ ਤੇਗ ਬਹਾਦਰ ਸਿੰਘ ਦੀ ਕੁਰਬਾਨੀ - ਧਾਰਮਿਕ ਅਸਹਿਣਸ਼ੀਲਤਾ ਵਿਰੁੱਧ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਲਈ ਇੱਕ ਇਤਿਹਾਸਕ ਨੀਂਹ

**ਗੁਰੂ ਤੇਗ ਬਹਾਦਰ ਸਿੰਘ ਦਾ ਸ਼ਹਾਦਤ ਦਾ ਸੰਦੇਸ਼ ਸਿਰਫ਼ ਭਾਰਤ ਤੱਕ ਸੀਮਤ ਨਹੀਂ ਸੀ; ਸਮੇਂ ਦੇ ਨਾਲ, ਇਹ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਅੰਦੋਲਨ ਦਾ ਅਧਾਰ ਬਣ ਗਿਆ। 2025 ਵਿੱਚ ਗੁਰੂ ਤੇਗ ਬਹਾਦਰ ਸਿੰਘ ਦੇ 350ਵੇਂ ਸ਼ਹੀਦੀ ਸਾਲ ਦਾ ਅੰਤਰਰਾਸ਼ਟਰੀ ਸਮਾਰੋਹ ਬਹੁਤ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਿਕ ਮਹੱਤਵ ਰੱਖਦਾ ਹੈ - -ਕੰਪਾਈਲਰ ਲੇਖਕ - ਕਾਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮੀਡੀਆ ਸੀਏ(ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨੀ ਗੋਂਡੀਆ ਮਹਾਰਾਸ਼ਟਰ 9226229318**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com

ਗੋਂਡੀਆ - 25 ਨਵੰਬਰ, 2025 ਨੂੰ ਗੁਰੂ ਤੇਗ ਬਹਾਦਰ ਸਿੰਘ ਦੇ 350ਵੇਂ ਸ਼ਹੀਦੀ ਦਿਵਸ ਦਾ ਵਿਸ਼ਵਵਿਆਪੀ ਸਮਾਰੋਹ ਸਿਰਫ਼ ਇੱਕ ਧਾਰਮਿਕ ਸ਼ਰਧਾਂਜਲੀ ਨਹੀਂ ਹੈ ਬਲਕਿ ਮਨੁੱਖੀ ਸਭਿਅਤਾ ਦੇ ਇਤਿਹਾਸ ਵਿੱਚ ਉਨ੍ਹਾਂ ਦੁਰਲੱਭ ਘਟਨਾਵਾਂ ਦੀ ਯਾਦ ਹੈ ਜਿੱਥੇ ਇੱਕ ਅਧਿਆਤਮਿਕ ਆਗੂ ਨੇ ਆਪਣੇ ਧਰਮ ਦੇ ਪੈਰੋਕਾਰਾਂ ਲਈ ਨਹੀਂ, ਸਗੋਂ ਕਿਸੇ ਹੋਰ ਧਰਮ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਗੁਰੂ ਤੇਗ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਸਨ, ਜਿਨ੍ਹਾਂ ਦਾ ਜੀਵਨ ਹਿੰਮਤ ਅਤੇ ਕੁਰਬਾਨੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦਾ ਸ਼ਹੀਦੀ ਦਿਵਸ ਸਾਨੂੰ ਨਿਆਂ, ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ ਲਈ ਪ੍ਰੇਰਿਤ ਕਰਦਾ ਹੈ। ਇਸ ਸਾਲ ਉਨ੍ਹਾਂ ਦਾ 350ਵਾਂ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ, ਅਤੇ ਇਹ ਭਾਰਤੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਦਿਨ ਹੈ। ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ ਅਤੇ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਕੁਰਬਾਨੀ ਨੂੰ ਭਾਰਤੀ ਧਰਮ ਨਿਰਪੱਖਤਾ ਅਤੇ ਧਾਰਮਿਕ ਆਜ਼ਾਦੀ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ, ਜਿਨ੍ਹਾਂ ਦਾ ਜੀਵਨ ਹਿੰਮਤ ਅਤੇ ਕੁਰਬਾਨੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦਾ ਸ਼ਹੀਦੀ ਦਿਵਸ ਸਾਨੂੰ ਨਿਆਂ, ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ ਲਈ ਪ੍ਰੇਰਿਤ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਇਸ ਸਾਲ ਮਨਾਇਆ ਜਾ ਰਿਹਾ ਹੈ,ਅਤੇ ਇਹ ਭਾਰਤੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਦਿਨ ਹੈ। ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ ਅਤੇ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਕੁਰਬਾਨੀ ਨੂੰ ਭਾਰਤੀ ਧਰਮ ਨਿਰਪੱਖਤਾ ਅਤੇ ਧਾਰਮਿਕ ਆਜ਼ਾਦੀ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਇਹ ਘਟਨਾ ਵਿਸ਼ਵ ਮਨੁੱਖੀ ਅਧਿਕਾਰ ਇਤਿਹਾਸ ਵਿੱਚ ਵਿਲੱਖਣ ਹੈ। 17 ਵੀਂ ਸਦੀ ਦੌਰਾਨ, ਜਦੋਂ ਮੁਗਲ ਸ਼ਾਸਨ ਅਧੀਨ ਧਾਰਮਿਕ ਦਬਾਅ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਨੇ ਡਰ ਅਤੇ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ, ਤਾਂ ਕਸ਼ਮੀਰੀ ਪੰਡਤਾਂ ਨੇ ਆਪਣੀ ਪਛਾਣ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਮਦਦ ਦੀ ਬੇਨਤੀ ਕੀਤੀ। ਇਸ ਸਮੇਂ, ਗੁਰੂ ਤੇਗ ਬਹਾਦਰ ਸਿੰਘ ਜੀ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ, ਨਾ ਸਿਰਫ਼ ਉਨ੍ਹਾਂ ਦੀ ਰੱਖਿਆ ਲਈ ਇਤਿਹਾਸਕ ਫੈਸਲਾ ਲਿਆ, ਸਗੋਂ ਇਹ ਸੰਦੇਸ਼ ਵੀ ਦਿੱਤਾ ਕਿ ਮਨੁੱਖਤਾ ਦਾ ਧਰਮ ਕਿਸੇ ਵੀ ਧਾਰਮਿਕ ਅਧਿਕਾਰ ਤੋਂ ਵੱਡਾ ਹੈ। ਦਿੱਲੀ ਦੇ ਚਾਂਦਨੀ ਚੌਕ ਵਿੱਚ ਉਨ੍ਹਾਂ ਦੀ ਜਨਤਕ ਸ਼ਹਾਦਤ ਸਿਰਫ਼ ਇੱਕ ਰਾਜਨੀਤਿਕ ਘਟਨਾ ਨਹੀਂ ਸੀ, ਸਗੋਂ ਉਨ੍ਹਾਂ ਵਿਚਾਰਾਂ ਦੀ ਇੱਕ ਨਿਰਣਾਇਕ ਜਿੱਤ ਸੀ ਜਿਨ੍ਹਾਂ ਨੇ ਇਹ ਸਥਾਪਿਤ ਕੀਤਾ ਕਿ ਸ਼ਕਤੀ ਕਿਸੇ ਵਿਅਕਤੀ ਦੇ ਵਿਸ਼ਵਾਸ, ਪਛਾਣ ਅਤੇ ਸੁਤੰਤਰ ਸੋਚ ਨੂੰ ਨਿਯੰਤਰਿਤ ਨਹੀਂ ਕਰ ਸਕਦੀ। ਧਾਰਮਿਕ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਅਤੇ ਵਿਚਾਰਾਂ ਦੀ ਖੁਦਮੁਖਤਿਆਰੀ ਦੇ ਸਿਧਾਂਤ, ਜੋ ਕਿ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ (ਯੂਡੀਐਚਆਰ 1948) ਵਿੱਚ ਦਰਜ ਹਨ, ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਤੋਂ ਸਦੀਆਂ ਪਹਿਲਾਂ ਹੀ ਅਭਿਆਸ ਵਿੱਚ ਸਥਾਪਿਤ ਹੋ ਚੁੱਕੇ ਸਨ। ਇਹੀ ਕਾਰਨ ਹੈ ਕਿ ਬਹੁਤ ਸਾਰੇ ਅੰਤਰਰਾਸ਼ਟਰੀ ਖੋਜਕਰਤਾ ਅਤੇ ਇਤਿਹਾਸਕਾਰ ਉਨ੍ਹਾਂ ਨੂੰ "ਆਧੁਨਿਕ ਦੁਨੀਆ ਦੇ ਪਹਿਲੇ ਮਨੁੱਖੀ ਅਧਿਕਾਰਾਂ ਦੇ ਰਖਵਾਲੇ" ਅਤੇ "ਅੰਤਰਕਰਣ ਦੀ ਆਜ਼ਾਦੀ ਦੇ ਸੰਤ" ਵਜੋਂ ਮਾਨਤਾ ਦਿੰਦੇ ਹਨ। ਗੁਰੂ ਤੇਗ ਬਹਾਦਰ ਸਿੰਘ ਜੀ ਦਾ ਸ਼ਹਾਦਤ ਦਾ ਸੰਦੇਸ਼ ਭਾਰਤ ਤੱਕ ਸੀਮਤ ਨਹੀਂ ਸੀ; ਸਮੇਂ ਦੇ ਨਾਲ, ਇਹ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਅੰਦੋਲਨ ਦਾ ਅਧਾਰ ਬਣ ਗਿਆ। ਇਹ ਕੁਰਬਾਨੀ ਦਰਸਾਉਂਦੀ ਹੈ ਕਿ ਧਾਰਮਿਕ ਆਜ਼ਾਦੀ ਸਿਰਫ਼ ਇੱਕ ਵਿਅਕਤੀਗਤ ਅਧਿਕਾਰ ਨਹੀਂ ਹੈ, ਸਗੋਂ ਮਨੁੱਖੀ ਸਭਿਅਤਾ ਦਾ ਇੱਕ ਬੁਨਿਆਦੀ ਮੁੱਲ ਹੈ। ਉਸਦੀ ਕੁਰਬਾਨੀ ਧਾਰਮਿਕ ਪਛਾਣ ਦੀ ਰੱਖਿਆ ਨਹੀਂ ਸੀ, ਸਗੋਂ ਮਨੁੱਖੀ ਮਾਣ ਦੀ ਰੱਖਿਆ ਸੀ, ਅਤੇ ਇਹੀ ਗੱਲ ਉਸਨੂੰ ਵਿਸ਼ਵ ਇਤਿਹਾਸ ਵਿੱਚ ਵਿਲੱਖਣ ਬਣਾਉਂਦੀ ਹੈ।




ਦੇਸਤੇ, ਜੇਕਰ ਅਸੀਂ ਸ਼ਾਂਤੀ, ਸਹਿ-ਹੋਂਦ ਅਤੇ ਵਿਸ਼ਵ ਮਾਨਵਤਾ ਦੇ ਸੰਦੇਸ਼ 'ਤੇ ਵਿਚਾਰ ਕਰੀਏ: ਗੁਰੂ ਤੇਗ ਬਹਾਦਰ ਦੀ ਵਿਰਾਸਤ ਨੂੰ ਅੰਤਰਰਾਸ਼ਟਰੀ ਸੰਦਰਭ ਵਿੱਚ, ਤਾਂ ਆਧੁਨਿਕ ਵਿਸ਼ਵ ਸੰਦਰਭ ਵਿੱਚ, ਜਦੋਂ ਦੁਨੀਆ ਧਾਰਮਿਕ ਟਕਰਾਵਾਂ, ਨਸਲੀ ਵੰਡ, ਸੱਭਿਆਚਾਰਕ ਅਸਹਿਣਸ਼ੀਲਤਾ ਅਤੇ ਕੱਟੜਤਾ ਦੀਆਂਚੁਣੌਤੀਆਂ ਨਾਲ ਜੂਝ ਰਹੀ ਹੈ, ਗੁਰੂ ਤੇਗ ਬਹਾਦਰ ਸਿੰਘ ਜੀ ਦਾ ਜੀਵਨ ਸੰਦੇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ। ਉਨ੍ਹਾਂ ਦਾ ਫ਼ਲਸਫ਼ਾ ਇਸ ਵਿਚਾਰ ਨੂੰ ਮਜ਼ਬੂਤ ਕਰਦਾ ਹੈ ਕਿ ਧਰਮ ਦਾ ਉਦੇਸ਼ ਵੰਡ ਨਹੀਂ, ਸਗੋਂ ਅਧਿਆਤਮਿਕ ਤਰੱਕੀ ਅਤੇ ਸਮਾਜਿਕ ਸ਼ਾਂਤੀ ਹੈ। ਉਨ੍ਹਾਂ ਨੇ ਹਾਸ਼ੀਏ 'ਤੇ ਧੱਕੇ ਲੋਕਾਂ, ਦਲਿਤਾਂ, ਦੱਬੇ-ਕੁਚਲੇ ਭਾਈਚਾਰਿਆਂ, ਕਿਸਾਨਾਂ ਅਤੇ ਦੱਬੇ-ਕੁਚਲੇ ਭਾਈਚਾਰਿਆਂ ਦੇ ਅਧਿਕਾਰਾਂ ਦੀ ਹਿਮਾਇਤ ਕੀਤੀ। ਉਨ੍ਹਾਂ ਦੀਆਂ ਸਿੱਖਿਆਵਾਂ ਮਨੁੱਖੀ ਸਮਾਨਤਾ, ਦਇਆ, ਨਿਡਰਤਾ ਅਤੇ ਕੁਰਬਾਨੀ ਦੇ ਆਦਰਸ਼ਾਂ ਨੂੰ ਸਪਸ਼ਟ ਤੌਰ 'ਤੇ ਦਰਸਾਉਂਦੀਆਂ ਹਨ। ਅੰਤਰਰਾਸ਼ਟਰੀ ਫੋਰਮਾਂ ਵਿੱਚ "ਅੰਤਰ-ਧਰਮ ਸੰਵਾਦ," "ਸ਼ਾਂਤਮਈ ਸਹਿ-ਹੋਂਦ," ਅਤੇ "ਧਾਰਮਿਕ ਸਹਿਣਸ਼ੀਲਤਾ" ਵਰਗੇ ਵਿਸ਼ਿਆਂ 'ਤੇ ਚਰਚਾਵਾਂ ਵਧ ਰਹੀਆਂ ਹਨ। ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਵਿਸ਼ਵ ਸੰਗਠਨ ਸ਼ਾਂਤੀ ਅਤੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਯਤਨਸ਼ੀਲ ਹਨ। ਗੁਰੂ ਤੇਗ ਬਹਾਦਰ ਸਿੰਘ ਜੀ ਦੀ ਵਿਚਾਰਧਾਰਾ ਅਜਿਹੇ ਵਿਸ਼ਵਵਿਆਪੀ ਭਾਸ਼ਣ ਵਿੱਚ ਇੱਕ ਮਹੱਤਵਪੂਰਨ ਸੰਦਰਭ ਪ੍ਰਦਾਨ ਕਰਦੀ ਹੈ। ਉਹ ਸਮਝਾਉਂਦੇ ਹਨ ਕਿ ਧਾਰਮਿਕ ਵਿਭਿੰਨਤਾ ਟਕਰਾਅ ਦਾ ਕਾਰਨ ਨਹੀਂ ਹੈ ਸਗੋਂ ਮਨੁੱਖੀ ਸੱਭਿਆਚਾਰ ਦੀ ਅਮੀਰੀ ਦਾ ਪ੍ਰਤੀਕ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਅਹਿੰਸਾ ਅਤੇ ਸਵੈ-ਸੰਜਮ ਰਾਹੀਂ ਟਕਰਾਵਾਂ ਦੇ ਹੱਲ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਨੇ ਸਿੱਖ ਪਰੰਪਰਾ ਵਿੱਚ "ਸਰਬੱਤ ਦਾ ਭਲਾ" (ਸਭਨਾਂ ਦਾ ਕਲਿਆਣ) ਦੇ ਸਿਧਾਂਤ ਨੂੰ ਮਜ਼ਬੂਤ ਕੀਤਾ, ਜੋ ਸੰਯੁਕਤ ਰਾਸ਼ਟਰ ਦੇ ਵਿਸ਼ਵ ਸ਼ਾਂਤੀ ਅਤੇ ਭਲਾਈ ਦੇ ਮਿਸ਼ਨ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਗੁਰੂ ਤੇਗ ਬਹਾਦਰ ਸਿੰਘ ਜੀ ਦਾ ਫਲਸਫਾ, ਕੌਮ, ਧਰਮ, ਜਾਤ ਅਤੇ ਭਾਈਚਾਰੇ ਉੱਤੇ ਮਨੁੱਖਤਾ ਦੀ ਤਰਜੀਹ 'ਤੇ ਜ਼ੋਰ ਦਿੰਦਾ ਹੈ, ਮੌਜੂਦਾ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਫਿਰਕੂ ਹਿੰਸਾ, ਧਾਰਮਿਕ ਧਰੁਵੀਕਰਨ ਅਤੇ ਯੁੱਧ ਨਾਲ ਜੂਝ ਰਹੇ ਸੰਸਾਰ ਲਈ ਇੱਕ ਮਾਰਗਦਰਸ਼ਕ ਸਿਧਾਂਤ ਵਜੋਂ ਕੰਮ ਕਰ ਸਕਦਾ ਹੈ। ਉਨ੍ਹਾਂ ਦੀ ਸਥਾਪਿਤ ਵਿਰਾਸਤ ਅੱਜ ਕੈਨੇਡਾ, ਬ੍ਰਿਟੇਨ, ਸੰਯੁਕਤ ਰਾਜ ਅਮਰੀਕਾ, ਯੂਰਪ, ਆਸਟ੍ਰੇਲੀਆ ਅਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਅਧਿਐਨ ਅਤੇ ਖੋਜ ਦਾ ਵਿਸ਼ਾ ਹੈ। ਦੁਨੀਆ ਭਰ ਵਿੱਚ ਸਿੱਖ ਭਾਈਚਾਰੇ ਅਤੇ ਮਨੁੱਖੀ ਅਧਿਕਾਰ ਸੰਗਠਨ ਉਨ੍ਹਾਂ ਦੀ ਕੁਰਬਾਨੀ ਨੂੰ "ਵਿਸ਼ਵਾਸ ਦੀ ਆਜ਼ਾਦੀ" ਅਤੇ "ਜ਼ਮੀਰ ਦੀ ਆਜ਼ਾਦੀ" ਦੇ ਪ੍ਰਤੀਕ ਵਜੋਂ ਮਨਾਉਂਦੇ ਹਨ। ਉਨ੍ਹਾਂ ਦੀ ਯਾਦ ਵਿੱਚ ਅੰਤਰਰਾਸ਼ਟਰੀ ਕਾਨਫਰੰਸਾਂ, ਅਕਾਦਮਿਕ ਸਿੰਪੋਜ਼ੀਆ ਅਤੇ ਸੱਭਿਆਚਾਰਕ ਸਮਾਗਮਾਂ ਦਾ ਸੰਗਠਨ ਦਰਸਾਉਂਦਾ ਹੈ ਕਿ ਉਨ੍ਹਾਂ ਦੀ ਵਿਰਾਸਤ ਵਿਸ਼ਵ ਸਮਾਜ ਵਿੱਚ ਜੀਵੰਤ ਅਤੇ ਪ੍ਰਭਾਵਸ਼ਾਲੀ ਬਣੀ ਹੋਈ ਹੈ।

ਦੇਸਤੇ, ਜੇਕਰ ਅਸੀਂ 350ਵੇਂ ਸ਼ਹੀਦੀ ਸਾਲ (2025): ਅੰਤਰਰਾਸ਼ਟਰੀ ਸੰਵਾਦ, ਮਨੁੱਖੀ ਅਧਿਕਾਰ ਏਜੰਡਾ, ਅਤੇ ਵਿਸ਼ਵ ਭਾਈਚਾਰੇ ਦੀ ਭੂਮਿਕਾ ਦੇ ਵਿਸ਼ਵਵਿਆਪੀ ਮਹੱਤਵ 'ਤੇ ਵਿਚਾਰ ਕਰੀਏ, ਤਾਂ ਗੁਰੂ ਤੇਗ ਬਹਾਦਰ ਸਿੰਘ ਜੀ ਦੇ 350ਵੇਂ ਸ਼ਹੀਦੀ ਸਾਲ (2025) ਦੀ ਅੰਤਰਰਾਸ਼ਟਰੀ ਯਾਦਗਾਰ ਬਹੁਤ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਿਕ ਮਹੱਤਵ ਰੱਖਦੀ ਹੈ। ਇਹ ਮੌਕਾ ਦੁਨੀਆ ਨੂੰ ਯਾਦ ਦਿਵਾਉਂਦਾ ਹੈ ਕਿ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਸਿਰਫ਼ ਇੱਕ ਕਾਨੂੰਨੀ ਜਾਂ ਰਾਜਨੀਤਿਕ ਸਵਾਲ ਨਹੀਂ ਹੈ, ਸਗੋਂ ਇੱਕ ਮਨੁੱਖੀ ਮੁੱਲ ਹੈ ਜਿਸ ਲਈ ਇਤਿਹਾਸ ਵਿੱਚ ਬਹੁਤ ਸਾਰੀਆਂ ਮਹਾਨ ਹਸਤੀਆਂ ਨੇ ਆਪਣੀਆਂ ਜਾਨਾਂ ਸਮਰਪਿਤ ਕੀਤੀਆਂ ਹਨ। ਅੱਜ ਵੀ, ਮੱਧ ਪੂਰਬ, ਅਫਰੀਕਾ, ਏਸ਼ੀਆ ਅਤੇ ਯੂਰਪ ਸਮੇਤ ਦੁਨੀਆ ਦੇ ਕਈ ਖੇਤਰਾਂ ਵਿੱਚ ਧਾਰਮਿਕ ਅਸਹਿਣਸ਼ੀਲਤਾ, ਘੱਟ ਗਿਣਤੀਆਂ ਦੇ ਅਤਿਆਚਾਰ, ਨਸਲੀ ਹਿੰਸਾ ਅਤੇ ਵਿਚਾਰ ਨਿਯੰਤਰਣ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਅਜਿਹੇ ਸਮੇਂ, ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਵਿਸ਼ਵ ਭਾਈਚਾਰੇ ਲਈ ਪ੍ਰੇਰਨਾ ਅਤੇ ਚੇਤਾਵਨੀ ਦੋਵਾਂ ਦਾ ਕੰਮ ਕਰਦੀ ਹੈ। 2025 ਵਿੱਚ ਇਸ ਮੌਕੇ 'ਤੇ, ਜੇਕਰ ਵਿਸ਼ਵ ਲੀਡਰਸ਼ਿਪ ਉਨ੍ਹਾਂ ਦੀ ਵਿਰਾਸਤ ਨੂੰ ਮਨੁੱਖੀ ਅਧਿਕਾਰ ਨੀਤੀਆਂ, ਧਾਰਮਿਕ ਆਜ਼ਾਦੀ ਦੀ ਰੱਖਿਆ, ਸ਼ਾਂਤੀ ਨਿਰਮਾਣ ਅਤੇ ਅੰਤਰਰਾਸ਼ਟਰੀ ਸਹਿਯੋਗ ਦੇ ਢਾਂਚੇ ਵਿੱਚ ਸ਼ਾਮਲ ਕਰਦੀ ਹੈ, ਤਾਂ ਇਸਦਾ ਵਿਸ਼ਵ ਵਿਵਸਥਾ 'ਤੇ ਸਕਾਰਾਤਮਕ ਪ੍ਰਭਾਵ ਪੈ ਸਕਦਾ ਹੈ। ਅੰਤਰਰਾਸ਼ਟਰੀ ਫੋਰਮਾਂ ਵਿੱਚ ਇਸ ਗੱਲ 'ਤੇ ਚਰਚਾ ਕਰਨਾ ਮਹੱਤਵਪੂਰਨ ਹੋਵੇਗਾ ਕਿ ਕੀ ਦੁਨੀਆ ਸੱਚਮੁੱਚ ਵਿਸ਼ਵਾਸ ਦੀ ਆਜ਼ਾਦੀ ਨੂੰ ਇੱਕ ਵਿਸ਼ਵਵਿਆਪੀ ਅਧਿਕਾਰ ਵਜੋਂ ਸਵੀਕਾਰ ਕਰਦੀ ਹੈ, ਜਾਂ ਕੀ ਮਨੁੱਖੀ ਅਧਿਕਾਰ ਅਜੇ ਵੀ ਰਾਜਨੀਤਿਕ ਸਵਾਰਥ, ਸ਼ਕਤੀ ਅਤੇ ਵਿਚਾਰਧਾਰਾ ਦੇ ਦਬਾਅ ਅੱਗੇ ਝੁਕਦੇ ਹਨ।



ਦੇਸਤੇ, ਜੇਕਰ ਅਸੀਂ ਗੁਰੂ ਤੇਗ ਬਹਾਦਰ ਸਿੰਘ ਜੀ ਦੇ ਸ਼ਹੀਦੀ ਦਿਵਸ ਦੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਦਿੱਤੇ ਸੰਦੇਸ਼ 'ਤੇ ਵਿਚਾਰ ਕਰੀਏ, ਤਾਂ ਇਹ ਧਾਰਮਿਕ ਆਜ਼ਾਦੀ ਨੂੰ ਸਿਰਫ਼ ਦਸਤਾਵੇਜ਼ਾਂ ਵਿੱਚ ਹੀ ਨਹੀਂ, ਸਗੋਂ ਅਮਲ ਵਿੱਚ ਵੀ ਯਕੀਨੀ ਬਣਾਉਣ ਲਈ ਕੰਮ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਕਾਦਮਿਕ ਸੰਸਥਾਵਾਂ ਵਿੱਚ ਉਨ੍ਹਾਂ ਦੀ ਵਿਚਾਰਧਾਰਾ 'ਤੇ ਖੋਜ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਦੁਆਰਾ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਅਤੇ ਵਿਸ਼ਵ ਸ਼ਾਂਤੀ ਮੁਹਿੰਮਾਂ ਵਿੱਚ ਉਨ੍ਹਾਂ ਦੇ ਸਿਧਾਂਤਾਂ ਨੂੰ ਸ਼ਾਮਲ ਕਰਨਾ ਇਸ ਸਾਲ ਦੀਆਂ ਵੱਡੀਆਂ ਪ੍ਰਾਪਤੀਆਂ ਹੋ ਸਕਦੀਆਂ ਹਨ। ਉਨ੍ਹਾਂ ਦੀ ਕੁਰਬਾਨੀ ਸਾਬਤ ਕਰਦੀ ਹੈ ਕਿ ਕਿਸੇ ਵਿਅਕਤੀ ਦੀ ਹਿੰਮਤ ਅਤੇ ਨੈਤਿਕ ਦ੍ਰਿੜਤਾ ਇਤਿਹਾਸ ਦੇ ਰਾਹ ਨੂੰ ਬਦਲ ਸਕਦੀ ਹੈ। ਇਹ ਸੰਦੇਸ਼ ਅੱਜ ਦੀ ਪੀੜ੍ਹੀ ਨੂੰ ਪ੍ਰੇਰਿਤ ਕਰਦਾ ਹੈ ਕਿ ਬੇਇਨਸਾਫ਼ੀ, ਜ਼ੁਲਮ ਅਤੇ ਅਸਹਿਣਸ਼ੀਲਤਾ ਵਿਰੁੱਧ ਆਵਾਜ਼ ਉਠਾਉਣਾ ਸਿਰਫ਼ ਇੱਕ ਅਧਿਕਾਰ ਨਹੀਂ,ਸਗੋਂ ਮਨੁੱਖਤਾ ਪ੍ਰਤੀ ਇੱਕ ਜ਼ਿੰਮੇਵਾਰੀ ਹੈ। ਜੇਕਰ ਵਿਸ਼ਵ ਭਾਈਚਾਰਾ ਇਸ ਇਤਿਹਾਸਕ ਮੌਕੇ ਨੂੰ ਮਨੁੱਖੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਵਰਤਦਾ ਹੈ, ਤਾਂ ਇਹ 350ਵਾਂ ਸਾਲ ਸਿਰਫ਼ ਇੱਕ ਯਾਦਗਾਰ ਨਹੀਂ ਸਗੋਂ ਵਿਸ਼ਵਵਿਆਪੀ ਤਬਦੀਲੀ ਦੀ ਨੀਂਹ ਬਣ ਸਕਦਾ ਹੈ।

ਇਸ ਤਰ੍ਹਾਂ, ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਗੁਰੂ ਤੇਗ ਬਹਾਦਰ ਸਿੰਘ ਜੀ ਦਾ 350ਵਾਂ ਸ਼ਹੀਦੀ ਦਿਵਸ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਵਿਸ਼ਵਵਿਆਪੀ ਮਨੁੱਖੀ ਅਧਿਕਾਰ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਵਿਰਾਸਤ ਦਾ ਜਸ਼ਨ ਹੈ। ਉਨ੍ਹਾਂ ਦਾ ਜੀਵਨ ਅਤੇ ਕੁਰਬਾਨੀ ਇਸ ਗੱਲ ਦਾ ਸਬੂਤ ਹਨ ਕਿ ਮਨੁੱਖਤਾ, ਆਜ਼ਾਦੀ ਅਤੇ ਸ਼ਾਂਤੀ ਦੇ ਸਿਧਾਂਤ ਕਿਸੇ ਵੀ ਸ਼ਕਤੀ ਨਾਲੋਂ ਵੱਡੇ ਹਨ। ਅੱਜ ਦੇ ਸੰਸਾਰ ਵਿੱਚ, ਜੋ ਕਿ ਟਕਰਾਅ ਅਤੇ ਅਸਹਿਣਸ਼ੀਲਤਾ ਨਾਲ ਭਰਿਆ ਹੋਇਆ ਹੈ, ਉਨ੍ਹਾਂ ਦਾ ਸੰਦੇਸ਼ ਇੱਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ, ਭਵਿੱਖ ਲਈ ਦਿਸ਼ਾ ਪ੍ਰਦਾਨ ਕਰਦਾ ਹੈ। ਉਨ੍ਹਾਂ ਦੀ ਕੁਰਬਾਨੀ ਮਨੁੱਖੀ ਸਭਿਅਤਾ ਨੂੰ ਸਿਖਾਉਂਦੀ ਹੈ ਕਿ ਅਸਲ ਸ਼ਕਤੀ ਤਲਵਾਰ ਵਿੱਚ ਨਹੀਂ, ਸਗੋਂ ਸੱਚ ਅਤੇ ਨਿਆਂ ਲਈ ਖੜ੍ਹੇ ਹੋਣ ਦੀ ਹਿੰਮਤ ਵਿੱਚ ਹੈ। ਜਦੋਂ ਦੁਨੀਆ 25 ਨਵੰਬਰ, 2025 ਨੂੰ ਉਨ੍ਹਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕਰੇਗੀ, ਤਾਂ ਇਹ ਸੱਚਮੁੱਚ ਇਸ ਗੱਲ 'ਤੇ ਵਿਚਾਰ ਕਰਨ ਦਾ ਮੌਕਾ ਹੋਵੇਗਾ ਕਿ ਕੀ ਅਸੀਂ ਉਨ੍ਹਾਂ ਦੇ ਆਦਰਸ਼ਾਂ 'ਤੇ ਖਰੇ ਉਤਰ ਰਹੇ ਹਾਂ ਅਤੇ ਇੱਕ ਅਜਿਹੀ ਦੁਨੀਆਂ ਦੀ ਸਿਰਜਣਾ ਕਰ ਰਹੇ ਹਾਂ ਜਿੱਥੇ ਹਰ ਵਿਅਕਤੀ ਮਾਣ, ਆਜ਼ਾਦੀ ਅਤੇ ਸ਼ਾਂਤੀ ਨਾਲ ਰਹਿ ਸਕੇ

# ਪੰਜਾਬ ਦੀ ਸ਼ਾਨ ਅਤੇ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਹੈ "ਪੰਜਾਬ ਯੂਨੀਵਰਸਿਟੀ ਚੰਡੀਗੜ੍ਹ": ਡਾ. ਐਮ ਜਮੀਲ ਬਾਲੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 23 ਨਵੰਬਰ (ਤਰਸੇਮ ਦੀਵਾਨਾ ) - ਪੰਜਾਬ ਦੀ ਸ਼ਾਨ ਅਤੇ ਸਿੱਖਿਆ ਦਾ ਮਹੱਤਵਪੂਰਨ ਕੇਂਦਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਦੇਸ਼ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਯੂਨੀਵਰਸਿਟੀ ਨੇ ਹਜ਼ਾਰਾਂ ਵਿਦਵਾਨ ਪੈਦਾ ਕੀਤੇ ਹਨ ਜਿਹੜੇ ਅੱਜ ਕਈ ਮਹੱਤਵਪੂਰਨ ਖੇਤਰਾਂ ਵਿਚ ਉੱਚੇ ਅਹੁਦਿਆਂ ਤੇ ਬੈਠਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਬੁੱਧੀਜੀਵੀ ਸ਼ਖ਼ਸ਼ੀਅਤ ਅਤੇ ਬਾਲੀ ਹਸਪਤਾਲ ਦੇ ਐਮ ਡੀ ਡਾ. ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ



ਪਿਛਲੇ ਕਈ ਦਹਾਕਿਆ ਤੋਂ ਸ਼ਾਨਦਾਰ ਸੇਵਾਵਾਂ ਦੇ ਰਹੀ ਹੈ ਅਤੇ ਇਸਨੂੰ ਕੇਂਦਰ ਸਰਕਾਰ ਦੇ ਅਧੀਨ ਕਰਨ ਦੀ ਕੋਸ਼ਿਸ਼ ਪੰਜਾਬੀਆਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ। ਉਹਨਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਦਿਲ ਅਤੇ"ਪੰਜਾਬ ਯੂਨੀਵਰਸਿਟੀ ਚੰਡੀਗੜ੍ਹ" ਧੜਕਨ ਹੈ, ਇਨ੍ਹਾਂ ਦੀ ਪਹਿਚਾਣ ਨੂੰ ਖੋਹਣਾ ਪੰਜਾਬ ਉੱਤੇ ਹਮਲਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਯੂਨੀਵਰਸਿਟੀ ਦੀ ਸੈਨੇਟ ਭੰਗ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕਰਨਾ ਯੂਨੀਵਰਸਿਟੀ ਨੂੰ ਆਪਣੇ ਕਬਜ਼ੇ ਹੇਠ ਲਿਆਉਣ ਦੀ ਅਸਹਿ ਕੋਸ਼ਿਸ਼ ਹੈ। ਉਹਨਾਂ ਕਿਹਾ ਕਿ ਭਾਵੇਂ ਪੀ.ਯੂ. ਬਚਾਓ ਮੋਰਚੇ ਦੇ ਦਬਾਅ ਹੇਠ ਕੇਂਦਰ ਨੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਗੱਲ ਕੀਤੀ ਹੈ, ਪਰ ਜਦ ਤੱਕ ਸਪੱਸ਼ਟ ਲਿਖਤ ਵਿਚ ਘੋਸ਼ਣਾ ਨਹੀਂ ਕੀਤੀ ਜਾਂਦੀ, ਤਦ ਤੱਕ ਕੇਂਦਰ ਸਰਕਾਰ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ! ਉਹਨਾਂ ਕਿਹਾ ਕਿ ਪ੍ਰਦਰਸ਼ਨ ਕਰ ਰਹੇ ਸਟੂਡੈਂਟਸ ਨਾਲ ਹੋਈ ਧੱਕੇਸ਼ਾਹੀ ਦੀ ਸਾਰੇ ਪੰਜਾਬ ਦੇ ਲੋਕ ਨਿੰਦਾ ਕਰਦੇ ਹਨ ਉਹਨਾਂ ਕਿਹਾ ਕਿ ਸਟੂਡੈਂਟਾਂ ਕੋਲ ਆਈ.ਡੀ. ਕਾਰਡ ਹੋਣ ਦੇ ਬਾਵਜੂਦ ਵਿਦਿਆਰਥੀਆਂ ਨੂੰ ਅੰਦਰ ਨਾ ਜਾਣ ਦੇਣਾ ਅਤੇ ਵੱਖ-ਵੱਖ ਸੂਬਿਆਂ ਦੀ ਫੋਰਸ ਤਾਇਨਾਤ ਕਰਨਾ ਕੇਂਦਰ ਸਰਕਾਰ ਦੀ ਬੁਖਲਾਹਟ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਕਿਸੇ ਵੀ ਰਾਜਨੀਤਿਕ ਪਾਰਟੀ ਦੀ ਮਲਕੀਅਤ ਨਹੀਂ ਬਣ ਸਕਦੀ। 'ਇਹ ਉਹ ਸਿੱਖਿਆ ਦਾ ਕੇਂਦਰ ਹੈ ਜਿਥੋਂ ਸਿੱਖਿਆ ਪ੍ਰਾਪਤ ਕਰਕੇ ਕਈ ਵਿਅਕਤੀ ਦੇਸ਼ ਦੇ ਮਹਾਨ ਵਿਦਵਾਨ ਬਣੇ ਹਨ। ਉਨ੍ਹਾਂ ਸਾਰਿਆਂ ਨੂੰ ਜਾਤਪਾਤ -ਧਰਮ ਤੇ ਰਾਜਨੀਤੀ ਤੋਂ ਉੱਪਰ ਉਠ ਕੇ ਯੂਨੀਵਰਸਿਟੀ ਦੀ ਪਛਾਣ ਬਚਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ।

# ਪੰਜਾਬ ਨੇ ਪਾਵਰ ਐਕਸਚੇਂਜ ਰਾਹੀਂ ਬਿਜਲੀ ਖਰੀਦ ਵਿੱਚ ਬਣਾਇਆ ਨਵਾਂ ਬੈਂਚਮਾਰਕ: ਆਪਟੀਮਾਈਜ਼ੇਸ਼ਨ ਅਤੇ ਮੁਨਾਫ਼ੇ ਨੂੰ ਮਿਲੀ ਰਫ਼ਤਾਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com





ਚੰਡੀਗੜ੍ਹ, 24 ਨਵੰਬਰ 2025 ( ): ਭਾਰਤ ਦੇ ਤੇਜ਼ੀ ਨਾਲ ਵਿਕਸਿਤ ਹੋ ਰਹੇ ਬਿਜਲੀ ਖੇਤਰ ਵਿੱਚ, ਪੰਜਾਬ ਇੱਕ ਡਾਟਾ-ਡ੍ਰਿਵਨ ਅਤੇ ਮਾਰਕੀਟ-ਰੇਸਪਾਂਸਿਵ ਰਾਜ ਵਜੋਂ ਉੱਭਰਿਆ ਹੈ, ਜਿਸ ਨੇ ਬਿਜਲੀ ਖਰੀਦ ਦੀ ਕਾਰਗੁਜ਼ਾਰੀ ਵਿੱਚ ਕਾਫ਼ੀ ਸੁਧਾਰ ਕੀਤਾ ਹੈ—ਜੋ ਕਿ ਇਸਦੀ ਐਨੁਅਲ ਰੇਵਿਨਿਊ ਰਿਕੁਆਰਮੈਂਟ (ਏ.ਆਰ.ਆਰ) ਦਾ ਸਭ ਤੋਂ ਵੱਡਾ ਹਿੱਸਾ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ.ਐਸ.ਪੀ.ਸੀ.ਐਲ), ਰਾਜ ਦੀ ਉਤਪਾਦਨ ਅਤੇ ਵਿਤਰਨ ਕੰਪਨੀ, ਨੇ ਬਿਜਲੀ ਖਰੀਦ ਦੀ ਲਾਗਤ ਨੂੰ ਆਪਟੀਮਾਈਜ਼ ਕਰਨ ਅਤੇ ਕੁੱਲ ਪ੍ਰਦਰਸ਼ਨ ਨੂੰ ਸੁਧਾਰਨ ਲਈ ਪਾਵਰ ਐਕਸਚੇਂਜਾਂ ਦਾ ਰਣਨੀਤਿਕ ਤੌਰ 'ਤੇ ਇਸਤੇਮਾਲ ਕੀਤਾ ਹੈ।

ਰਵਾਇਤੀ ਤੌਰ 'ਤੇ ਲੰਬੇ ਸਮੇਂ ਵਾਲੀਆਂ ਪਾਵਰ ਪਰਚੇਜ਼ ਅਗਰੀਮੈਂਟਸ ਵਿੱਚ ਬੰਨ੍ਹੇ ਹੋਣ ਕਾਰਨ, ਪੰਜਾਬ ਦੀ ਬਿਜਲੀ ਮੰਗ ਇੱਕ ਸਿੱਧੇ ਲੋਡ ਕਰਵ ਦੀ ਪਾਲਣਾ ਕਰਦੀ ਸੀ। ਪਰ, ਸਰਪਲੱਸ ਅਤੇ ਕਿਫ਼ਾਇਤੀ ਸੂਰਜੀ ਬਿਜਲੀ ਦਾ ਲਾਭ ਲੈਣ ਲਈ, ਪੀ.ਐਸ.ਪੀ.ਸੀ.ਐਲ ਨੇ ਆਪਣੀ ਮੰਗ ਦਾ ਵੱਡਾ ਹਿੱਸਾ ਧੀਰੇ-ਧੀਰੇ ਦਿਨ ਦੇ ਸਮਿਆਂ ਵੱਲ ਤਬਦੀਲ ਕਰ ਦਿੱਤਾ। ਕੀਮਤਾਂ ਦੇ ਰੁਝਾਨਾਂ 'ਤੇ ਕੜੀ ਨਿਗਰਾਨੀ ਰੱਖਦੇ ਹੋਏ, ਕੰਪਨੀ ਨੇ ਇੰਡੀਆ ਐਨਰਜੀ ਐਕਸਚੇਂਜ (ਆ ਈ . ਈ . ਐ ਕ ਸ ) ਦੇ ਡੇ-ਅਹੈੱਡ ਮਾਰਕੀਟ (ਡੀ.ਏ.ਐਮ), ਰੀਅਲ-ਟਾਈਮ ਮਾਰਕੀਟ (ਆਰ.ਟੀ.ਐਮ) ਅਤੇ ਗ੍ਰੀਨ ਡੇ-ਅਹੈੱਡ ਮਾਰਕੀਟ 'ਚ ਆਪਣੀ ਭਾਗੀਦਾਰੀ ਵਧਾਈ ਹੈ। ਇਸ ਬਦਲਾਅ ਨਾਲ ਪੀ.ਐਸ.ਪੀ.ਸੀ.ਐਲ ਨੂੰ ਲਾਗਤਾਂ ਘਟਾਉਣ, ਭਰੋਸੇਮੰਦ ਸਪਲਾਈ ਸੁਨਿਸ਼ਚਿਤ ਕਰਨ ਅਤੇ ਰਾਜ ਦੇ ਸਸਟੇਨੇਬਿਲਿਟੀ ਟਾਰਗੇਟਾਂ ਨਾਲ ਤਾਲਮੇਲ ਬਿਠਾਉਣ ਵਿੱਚ ਮਦਦ ਮਿਲੀ ਹੈ।

ਪਿਛਲੇ ਪੰਜ ਸਾਲਾਂ ਵਿੱਚ, ਐਕਸਚੇਂਜਾਂ ਤੋਂ ਪੰਜਾਬ ਦੀ ਬਿਜਲੀ ਖਰੀਦ ਵਿੱਚ 50 ਫੀਸਦੀ ਤੋਂ ਵੱਧ ਦੀ ਮਜ਼ਬੂਤ ਕੰਪਾਊਂਡ ਐਨੁਅਲ ਗ੍ਰੋਥ ਰੇਟ ਦਰਜ ਕੀਤੀ ਗਈ ਹੈ। ਪਹਿਲਾਂ, ਇਹ ਮੁੱਖ ਤੌਰ 'ਤੇ ਧਾਨ ਮੌਸਮ ਦੇ ਉੱਚ ਮੰਗ ਵਾਲੇ ਸਮੇਂ ਦੌਰਾਨ ਕਿਸਾਨੀ ਮੰਗ ਪੂਰੀ ਕਰਨ ਲਈ ਇੱਕ ਮੌਸਮੀ ਖਰੀਦਦਾਰ ਸੀ, ਪਰ ਹੁਣ ਰਾਜ ਸਾਲ ਭਰ ਵੱਖ-ਵੱਖ ਮਾਰਕੀਟ ਸੈਗਮੈਂਟਾਂ ਅਤੇ ਮੌਸਮੀ ਪੈਟਰਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਰਕੀਟੀ ਸੰਕੇਤਾਂ 'ਤੇ ਨਿਗਰਾਨੀ ਕਰਦਾ ਹੈ। ਵਿੱਤੀ ਵਰ੍ਹੇ 2025 ਵਿੱਚ ਇਸਦੀ ਊਰਜਾ ਮੰਗ 16 ਗੀਗਾਵਾਟ ਤੋਂ ਵੱਧ ਹੋ ਗਈ, ਜੋ ਵਿੱਤੀ ਵਰ੍ਹੇ 2024 ਵਿੱਚ 15 ਗੀਗਾਵਾਟ ਤੋਂ ਵੱਧ ਸੀ। ਵਿੱਤੀ ਵਰ੍ਹੇ 2025 ਦੌਰਾਨ, ਪੀ.ਐਸ.ਪੀ.ਸੀ.ਐਲ ਨੇ ਐਕਸਚੇਂਜਾਂ ਤੋਂ 10 ਬਿਲੀਅਨ ਯੂਨਿਟ ਤੋਂ ਵੱਧ ਬਿਜਲੀ ਖਰੀਦੀ, ਜਿਸ ਨਾਲ ਮੁਕਾਬਲਾਤੀ ਦਰਾਂ 'ਤੇ ਭਰੋਸੇਮੰਦ ਸਪਲਾਈ ਮਿਲੀ। ਬਿਜਲੀ ਖਰੀਦ ਲਾਗਤਾਂ ਨੂੰ ਆਪਟੀਮਾਈਜ਼ ਕਰਨ ਲਈ, ਪੀ.ਐਸ.ਪੀ.ਸੀ.ਐਲ ਖ਼ਾਸਕਰ ਸੂਰਜੀ ਘੰਟਿਆਂ 'ਚ ਐਕਸਚੇਂਜ ਰਾਹੀਂ ਖਰੀਦ ਕਰਦਾ ਹੈ, ਜਦੋਂ ਦਰਾਂ ਨਾਨ-ਸੋਲਰ ਸ਼ਾਮ ਦੇ ਪੀਕ ਘੰਟਿਆਂ ਨਾਲੋਂ ਲਗਭਗ 50 ਫੀਸਦੀ ਘੱਟ ਹੁੰਦੀਆਂ ਹਨ।

ਵਿੱਤੀ ਵਰ੍ਹੇ 2026 ਵਿੱਚ, ਪੰਜਾਬ ਵਿੱਚ ਭਾਰੀ ਬਾਰਸ਼ਾਂ ਕਾਰਨ ਧਾਨ ਮੌਸਮ ਦੌਰਾਨ ਊਰਜਾ ਮੰਗ ਵਿੱਚ ਕਮੀ ਆਈ। ਮੰਗ ਵਿੱਚ ਆਈ ਇਸ ਕਮੀ ਅਤੇ ਮਾਰਕੀਟ ਵਿਚ ਵੱਧਦੀ ਲਿਕਵਿਡਿਟੀ ਨੂੰ ਵੇਖਦਿਆਂ, ਪੀ.ਐਸ.ਪੀ.ਸੀ.ਐਲ ਨੇ ਆਪਣੀ ਲੋੜ ਪੂਰੀ ਕਰਨ ਤੋਂ ਬਾਅਦ ਸਰਪਲੱਸ ਬਿਜਲੀ ਨੂੰ ਪਾਵਰ ਐਕਸਚੇਂਜਾਂ ਤੇ ਵੇਚਿਆ—ਅਤੇ ਇਸ ਤਰ੍ਹਾਂ ਰਾਜ ਲਈ ਨਵੀਆਂ ਰੇਵਿਨਿਊ ਸੰਭਾਵਨਾਵਾਂ ਖੁੱਲ੍ਹੀਆਂ। ਪੀ.ਐਸ.ਪੀ.ਸੀ.ਐਲ ਨੇ ਡਿਵੀਏਸ਼ਨ ਸੈਟਲਮੈਂਟ ਮਕੈਨਿਜ਼ਮ (ਡੀ.ਐੱਸ.ਐਮ) ਅਧੀਨ ਅਨਸ਼ਡਿਊਲਡ ਇੰਟਰਚੇਂਜ (ਯੂ.ਆਈ.) ਲਈ ਜੁਰਮਾਨੇ ਦੇਣ ਦੀ ਥਾਂ, ਆਪਣੀ ਵਾਧੂ ਬਿਜਲੀ ਐਕਸਚੇਂਜਾਂ 'ਤੇ ਵੇਚ ਕੇ ਨਾ ਸਿਰਫ਼ ਵਾਧੂ ਰੇਵਿਨਿਊ ਹਾਸਲ ਕੀਤਾ, ਸਗੋਂ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਗ੍ਰਿਡ ਸੁਰੱਖਿਆ ਵੀ ਬਰਕਰਾਰ ਰਹੀ। ਵਿੱਤੀ ਵਰ੍ਹੇ 2026 ਦੇ ਧਾਨ ਮੌਸਮ ਦੌਰਾਨ, ਪੀ.ਐਸ.ਪੀ.ਸੀ.ਐਲ ਨੇ ਪਾਵਰ ਐਕਸਚੇਂਜ 'ਤੇ 1 ਬਿਲੀਅਨ ਯੂਨਿਟ ਤੋਂ ਵੱਧ ਬਿਜਲੀ ਵੇਚੀ। ਖਰੀਦ ਅਤੇ ਵਿਕਰੀ ਦੇ ਇਸ ਦੋਹਰੇ ਤਰੀਕੇ ਨੇ ਪੀ.ਐਸ.ਪੀ.ਸੀ.ਐਲ ਨੂੰ ਮਾਰਕੀਟ-ਅਧਾਰਤ ਪਾਵਰ ਪ੍ਰੋਕਿਊਰਮੈਂਟ ਮੈਨੇਜਮੈਂਟ ਵਿੱਚ ਅਗੇਰਹ ਰਹਿਤਾ ਪ੍ਰਦਾਨ ਕੀਤੀ ਹੈ। ਯਾਦਗਾਰ ਗੱਲ ਇਹ ਹੈ ਕਿ ਇਹ ਪਹਿਲਾ ਸਰਕਾਰੀ ਸੰਗਠਨ ਬਣਿਆ ਹੈ ਜਿਸ ਨੇ ਇੱਕ ਪ੍ਰਾਈਵੇਟ ਥਰਮਲ ਪਾਵਰ ਪਲਾਂਟ ਵੀ ਖਰੀਦਿਆ ਹੈ, ਜਿਸ ਨਾਲ ਲਿਕਵਿਡਿਟੀ ਹੋਰ ਵਧੀ ਅਤੇ ਬਿਜਲੀ ਸਪਲਾਈ ਮਜਬੂਤ ਹੋਈ।

ਪਾਵਰ ਐਕਸਚੇਂਜ ਦੇ ਰਾਹੀਂ ਮਿਲ ਰਹੀ ਟ੍ਰਾਂਸਪੇਰੈਂਸੀ, ਲਿਕਵਿਡਿਟੀ ਅਤੇ ਕਾਪਟੀਟਿਵ ਪ੍ਰਾਈਸਿੰਗ ਦੇ ਸਦਕਾ ਪੀ.ਐਸ.ਪੀ.ਸੀ.ਐਲ ਨੇ ਰਵਾਇਤੀ ਸ਼ਾਰਟ-ਟਰਮ ਬਾਇਲੈਟਰਲ ਪ੍ਰੋਕਿਊਰਮੈਂਟ 'ਤੇ ਆਪਣੀ ਨਿਰਭਰਤਾ ਘਟਾ ਦਿੱਤੀ ਹੈ। ਸੂਰਜੀ ਘੰਟਿਆਂ ਦੌਰਾਨ ਬਿਜਲੀ ਖਰੀਦ ਨੂੰ ਆਪਟੀਮਾਈਜ਼ ਕਰਕੇ ਅਤੇ ਸਰਪਲੱਸ ਬਿਜਲੀ ਵੇਚ ਕੇ ਰੇਵਿਨਿਊ ਕਮਾਉਣ ਦੇ ਵੱਧ ਤੋਂ ਵੱਧ ਮੌਕੇ ਬਣਾ ਕੇ, ਪੀ.ਐਸ.ਪੀ.ਸੀ.ਐਲ ਕੁੱਲ ਮਿਲਾਕੇ ਬਿਜਲੀ ਖਰੀਦ ਦੀ ਲਾਗਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਆਪਟੀਮਾਈਜ਼ ਕਰਦਾ ਹੈ।

# ਨੀਲੋਵਾਲ ਦੇ ਮੁਖਤਿਆਰ ਸਿੰਘ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦਾਨ

## ਸਰੀਰਦਾਨ ਬਹੁਤ ਹੀ ਚੰਗਾ ਉਪਰਾਲਾ : ਨੰਬਰਦਾਰ ਭੁਪਿੰਦਰ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com




ਲੌਂਗੋਵਾਲ,24 ਨਵੰਬਰ (ਜਗਸੀਰ ਸਿੰਘ) - ਨੇੜ੍ਹਲੇ ਪਿੰਡ ਨੀਲੋਵਾਲ ਦੇ (90) ਵਰਿਆਂ ਦੇ ਡੇਰਾ ਸੱਚਾ ਸ਼ੌਦਾ ਦੇ ਸ਼ਰਧਾਲੂ ਮੁਖਤਿਆਰ ਸਿੰਘ ਇੰਸਾਂ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਦਾਨ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਪਿੰਡ ਨੀਲੋਵਾਲ ਦੇ ਰਹਿਣ ਵਾਲੇ ਡੇਰਾ ਸ਼ਰਧਾਲੂ ਮੁਖਤਿਆਰ ਸਿੰਘ ਇੰਸਾਂ ਦਾ ਕੱਲ ਦੇਹਾਤ ਹੋ ਗਿਆ, ਜਿਨ੍ਹਾਂ ਦੀ ਉਮਰ (90) ਸਾਲ ਦੀ ਸੀ। ਉਨ੍ਹਾਂ ਨੇ ਜਿਉਦੇ ਜੀਅ ਡੇਰਾ ਸੱਚਾ ਸੌਦਾ ਦੀ ਪਾਵਨ ਪ੍ਰੇਰਨਾ ਅਨੁਸਾਰ ਪ੍ਰਣ ਕੀਤਾ ਹੋਇਆ ਸੀ, ਕਿ ਮਰਨੋ ਉਪਰੰਤ ਮੇਰਾ ਸਰੀਰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ ਜਾਵੇ। ਇਸ ਕੀਤੇ ਗਏ ਪ੍ਰਣ ਨੂੰ ਉਹਨਾਂ ਦੇ ਪਤਨੀ ਲਾਭ ਕੌਰ ਇੰਸਾਂ, ਪੁੱਤਰ ਕਾਕਾ ਸਿੰਘ, ਪੋਤਰੇ ਜੋਗਾ ਸਿੰਘ ਇੰਸਾਂ, ਮੱਖਣ ਸਿੰਘ ਇੰਸਾਂ, ਬਾਬੂ ਸਿੰਘ ਇੰਸਾਂ, ਮੱਖਣ ਸਿੰਘ ਇੰਸਾਂ ਸਮੇਤ ਸਮੂਹ ਪਰਿਵਾਰ ਵੱਲੋਂ ਪੂਰਾ ਕਰਦਿਆਂ ਉਨ੍ਹਾਂ ਬਾਪੂ ਮੁਖਤਿਆਰ ਸਿੰਘ ਇੰਸਾਂ ਦਾ ਸਰੀਰਦਾਨ ਕਰ ਦਿੱਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਵਰਲਡ ਕਾਲਜ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਐਂਡ ਹਸਪਤਾਲ, ਝੱਜਰ, (ਹਰਿਆਣਾ) ਲਈ ਰਵਾਨਾ ਕਰ ਦਿੱਤਾ ਗਿਆ।

ਇਸ ਤੋ ਪਹਿਲਾ ਬਾਪੂ ਮੁਖਤਿਆਰ ਸਿੰਘ ਇੰਸਾਂ ਦੇ ਨਿਵਾਸ ਸਥਾਨ ਵਿਖੇ ਬਲਾਕ ਦੇ ਡੇਰਾ ਪ੍ਰੇਮੀ ਇਕੱਠੇ ਹੋਏ ਅਤੇ ਅਰਦਾਸ ਬੋਲਣ ਤੋਂ ਬਾਅਦ ਸਰੀਰਦਾਨੀ ਮੁਖਤਿਆਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਘਰ ਤੋਂ ਥੋੜੀ ਦੂਰ ਤੱਕ ਲਿਜਾਇਆ ਗਿਆ। ਸਰੀਰਦਾਨੀ ਮੁਖਤਿਆਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਸਰਪੰਚ ਕਰਮਜੀਤ ਕੌਰ ਦੇ ਪਤੀ ਨੰਬਰਦਾਰ ਭੁਪਿੰਦਰ ਸਿੰਘ ਅਤੇ ਜੁੰਮੇਵਾਰਾ ਵੱਲੋਂ ਸਾਂਝੇ ਤੌਰ ਤੇ ਗੱਡੀ ਨੂੰ ਹਰੀ ਝੰਡੀ ਦੇ ਕੇ ਮੈਡੀਕਲ ਖੋਜਾਂ ਲਈ ਰਵਾਨਾ ਕੀਤਾ। ਇਸ ਦੌਰਾਨ ਮਾਈਕ ਵਿੱਚ ਸਰੀਰਦਾਨੀ ਮੁਖਤਿਆਰ ਸਿੰਘ ਇੰਸਾਂ ਦੇ ਸਰੀਰਦਾਨ ਬਾਰੇ ਜੁੰਮੇਵਾਰਾ ਵੱਲੋਂ ਲਗਾਤਾਰ ਜਾਣਕਾਰੀ ਦਿੱਤੀ ਜਾ ਰਹੀ ਤੇ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੁਆਰਾ ਕੀਤੇ ਜਾ ਰਹੇ ਮਾਨਵਤਾ ਭਲਾਈ ਦੇ ਕੰਮਾਂ ਬਾਰੇ ਜਾਣਕਾਰੀ ਸਥਾਨਕ ਲੋਕਾਂ ਨੂੰ ਦਿੱਤੀ ਗਈ। ਜਿੰਮੇਵਾਰਾਂ ਨੇ ਦੱਸਿਆ ਕਿ ਇਹ ਸਰੀਰਦਾਨ ਸੁਨਾਮ ਬਲਾਕ ਦੇ ਵਿੱਚੋਂ 41ਵਾਂ ਸਰੀਰਦਾਨ ਕੀਤਾ ਗਿਆ ਹੈ। ਇਸ ਦੇ ਲਈ ਜਿੰਮੇਵਾਰਾਂ ਨੇ ਵਿਸ਼ੇਸ਼ ਤੌਰ ਤੇ ਪਰਿਵਾਰ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਤੇ ਰਾਜੇਸ਼ ਬਿੱਟੂ ਇੰਸਾਂ ਜੁੰਮੇਵਾਰ, ਰਣਜੀਤ ਸਿੰਘ, ਛਹਿਬਰ ਸਿੰਘ ਇੰਸਾ, ਬੀਰੂ ਇੰਸਾ, ਦਰਸਨ ਸਿੰਘ ਇੰਸਾਂ, ਸੰਦੀਪ ਕੋਹਲੀ ਇੰਸਾਂ, ਪਿਯੂਸ਼ ਇੰਸਾਂ, ਬਲਵੀਰ ਸਿੰਘ ਇੰਸਾਂ, ਮੰਗਾ ਸਿੰਘ ਇੰਸਾਂ, ਰਾਜਨ ਸਿੰਘ ਇੰਸਾਂ, ਭਾਨਾ ਸਿੰਘ, ਸਾਬਕਾ ਪੰਚ ਸਰਬਜੀਤ ਸਿੰਘ, ਸਮੂਹ ਗ੍ਰਾਮ ਪੰਚਾਇਤ ਪਿੰਡ ਨੀਲੋਵਾਲ ਅਤੇ ਸਮੂਹ ਪਰਿਵਾਰ ਤੋਂ ਇਲਾਵਾ ਡੇਰੇ ਦੇ ਸੇਵਾਦਾਰ, ਸਾਕ ਸਬੰਧੀ, ਰਿਸ਼ਤੇਦਾਰ ਹਾਜ਼ਰ ਸਨ।

**ਸਰੀਰਦਾਨ ਬਹੁਤ ਹੀ ਚੰਗਾ ਉਪਰਾਲਾ : ਨੰਬਰਦਾਰ ਭੁਪਿੰਦਰ ਸਿੰਘ**

ਇਸ ਮੌਕੇ ਨੰਬਰਦਾਰ ਭੁਪਿੰਦਰ ਸਿੰਘ (ਪਤੀ ਸਰਪੰਚ ਕਰਮਜੀਤ ਕੌਰ), ਨੇ ਕਿਹਾ ਕਿ ਅੱਜ ਇਸ ਪਰਿਵਾਰ ਵੱਲੋਂ ਉਹਨਾਂ ਦੇ ਬਾਪੂ ਜੀ ਦਾ ਸਰੀਰਦਾਨ ਕੀਤਾ ਗਿਆ ਹੈ ਜੋ ਮੈਡੀਕਲ ਖੋਜਾਂ ਦੇ ਲਈ ਕੰਮ ਆਵੇਗਾ, ਇਹ ਬਹੁਤ ਹੀ ਚੰਗਾ ਉਪਰਾਲਾ ਹੈ। ਇਹ ਮਾਨਵਤਾ ਭਲਾਈ ਕਾਰਜ ਕਰਨ ਲਈ ਉਹ ਸਮੂਹ ਪਰਿਵਾਰ ਦਾ ਧੰਨਵਾਦ ਕਰਦੇ ਹਨ।

# ਸਪੈਸ਼ਲ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com




ਮਹਿਲਾਂ ਚੌਕ, ਨਵੰਬਰ (ਜਗਸੀਰ ਸਿੰਘ)- ਕੌਮੀ ਸੇਵਾ ਯੋਜਨਾ ਇਕਾਈ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਲਾਂ ਵੱਲੋਂ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਸਰਪ੍ਰਸਤੀ ਹੇਠ ਸਹਾਇਕ ਡਾਇਰੈਕਟਰ ਸੰਗਰੂਰ ਸ੍ਰੀ ਅਰੁਣ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮਹਿਲਾਂ ਸਕੂਲ ਵਿਖੇ ਸਪੈਸ਼ਲ ਸੱਤ ਰੋਜ਼ਾ ਐਨ ਐਸ ਐਸ ਕੈਂਪ "ਨਸ਼ਾ ਮੁਕਤ ਜਵਾਨੀ-ਤੰਦਰੁਸਤ ਜਵਾਨੀ" ਦੇ ਬੈਨਰ ਹੇਠ ਸ਼ੁਰੂ ਕੀਤਾ ਗਿਆ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਸਾਲਾਂ ਸ਼ਹੀਦੀ ਪੁਰਬ ਨੂੰ ਸਮਰਪਿਤ ਇਸ ਕੈਂਪ ਇਸ ਕੈਂਪ ਦੀ ਸ਼ੁਰੂਆਤ ਕਰਨ ਮੌਕੇ ਨਗਰ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਹਨਾਂ ਸ਼ਖ਼ਸੀਅਤਾਂ ਵਿੱਚ ਨੰਬਰਦਾਰ ਪੁਨਰ ਵੀਰ ਸਿੰਘ ਸਿਬੀਆ, ਹਰਜੀਤ ਸਿੰਘ ਫੌਜੀ, ਚਮਕੌਰ ਸਿੰਘ ਘੁਮਾਣ, ਜਗਦੀਪ ਸਿੰਘ,ਸਨੀ ਚਹਿਲ ਮੈਂਬਰ ਪੰਚਾਇਤ,ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰ ਨਾਜਰ ਸਿੰਘ ਝੱਲੀ, ਇਕਬਾਲ ਸਿੰਘ ਜੇਜੀ ਸ਼ਾਮਲ ਸਨ।ਇਸ ਮੌਕੇ ਪ੍ਰੋਗਰਾਮ ਕੋਆਰਡੀਨੇਟਰ ਰਾਜੇਸ਼ ਕੁਮਾਰ ਲੈਕਚਰਾਰ ਹਿਸਟਰੀ ਨੇ ਸਮੂਹ ਆਈਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਕੈਂਪ ਦੇ ਉਦੇਸ਼ ਤੋਂ ਜਾਣੂ ਕਰਵਾਇਆ।ਪ੍ਰੋਗਰਾਮ ਅਫਸਰ ਤੇ ਕੈਂਪ ਕਮਾਂਡੈਂਟ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਸੱਤ ਰੋਜ਼ਾ ਕੈਂਪ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਬਾਰੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਇਹ ਕੈਂਪ ਵਿਦਿਆਰਥੀਆਂ ਅੰਦਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਗੁਣ ਗ੍ਰਹਿਣ ਕਰਨ ਲਈ ਆਯੋਜਿਤ ਕੀਤਾ ਜਾ ਰਿਹਾ ਹੈ।ਕੈਂਪ ਦੇ ਸ਼ੁਰੂਆਤੀ ਮੌਕੇ ਵਿਦਿਆਰਥਣ ਕਿਰਨਜੀਤ ਕੌਰ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਧਾਰਮਿਕ ਗੀਤ ਗਾ ਕੇ ਇਸਦੀ ਰਸਮੀ ਸ਼ੁਰੂਆਤ ਕੀਤੀ। ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਨਵਰਾਜ ਕੌਰ ਨੇ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਦੀ ਸ਼ਖਸ਼ੀਅਤ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਹਨਾਂ ਵਲੰਟੀਅਰਾਂ ਨੂੰ ਸੰਸਥਾ ਅਤੇ ਮਾਪਿਆਂ ਦਾ ਮਾਣ ਵਧਾਉਣ ਲਈ ਚੰਗੇ ਗੁਣ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਚਮਕੌਰ ਸਿੰਘ ਘੁਮਾਣ, ਜਗਦੀਪ ਸਿੰਘ, ਨੇ ਵਿਦਿਆਰਥੀਆਂ ਨੂੰ ਆਪਣੇ ਉਦੇਸ਼ ਨੂੰ ਅੱਗੇ ਰੱਖ ਕੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਕਿਸਾਨ ਆਗੂ ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਸੰਘਰਸ਼ ਲਈ ਤਿਆਰ ਰਹਿਣ ਲਈ ਕਿਹਾ। ਉਹਨਾਂ ਕਿਹਾ ਕਿ ਅੱਜ ਦੇ ਸਮੇਂ ਕਿਸੇ ਵੀ ਵਿਅਕਤੀ ਨੂੰ ਬਿਨਾਂ ਸੰਘਰਸ਼ ਇਨਸਾਫ਼ ਪ੍ਰਾਪਤੀ ਬਹੁਤ ਮੁਸ਼ਕਲ ਹੈ।ਸਮਾਜ ਸੇਵੀ ਇਕਬਾਲ ਸਿੰਘ ਜੇਜੀ ਨੇ ਰੁਬਰੂ ਹੁੰਦਿਆਂ ਕਿਹਾ ਕਿ ਸਕੂਲ ਦੇ ਬਿਹਤਰੀ ਲਈ ਅਸੀਂ ਸਾਰੇ ਨਗਰ ਨਿਵਾਸੀ ਤੁਹਾਡੇ ਨਾਲ ਮੌਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ ਅਤੇ ਖੜ੍ਹੇ ਰਹਾਂਗੇ।ਪ੍ਰੋਗਰਾਮ ਅਫਸਰ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਧੰਨਵਾਦ ਕਰਦੇ ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਸਾਡੇ ਵਲੰਟੀਅਰ ਚੰਗੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਰੋਲ ਅਦਾ ਕਰਨਗੇ ਇਸ ਮੌਕੇ ਜਗਜੀਤ ਸਿੰਘ ਪ੍ਰਧਾਨ ਮਹਿਲਾਂ, ਦਰਸ਼ਨ ਸਿੰਘ, ਗੁਰਸੇਵਕ ਸਿੰਘ ਸੋਹੀ, ਗੁਰਜੰਟ ਸਿੰਘ, ਲੈਕਚਰਰ ਗੁਰਦੀਪ ਸਿੰਘ ਗੱਗੜਪੁਰ, ਰਾਕੇਸ਼ ਕੁਮਾਰ ਸਰੀਰਕ ਸਿੱਖਿਆ,ਸਹਾਇਕ ਪ੍ਰੋਗਰਾਮ ਅਫਸਰ ਹਰਵਿੰਦਰ ਸਿੰਘ, ਮੈਡਮ ਅੰਜਨ ਅੰਜੂ, ਰਜਨੀ ਬਾਲਾ,ਰਣਜੀਤ ਸਿੰਘ, ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

# ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ 4 ਲੇਬਰ ਕੋਡਾਂ ਤੇ 29 ਕਾਨੂੰਨਾਂ ਖਿਲਾਫ ਸੀਟੂ ਵਰਕਰਾਂ ਨੇ ਕੀਤਾ ਪ੍ਰਦਰਸ਼ਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 24 ਨਵੰਬਰ
INTERNATIONAL PAPER, 94636 01616
hardipchumber57@gmail.com



